ਲਾਲਾਂ ਦੀਆਂ ਲੜੀਆਂ

ਫ਼ੀਰੋਜ਼ ਦੀਨ 'ਸ਼ਰਫ਼'

ਇਹ ਪੁਸਤਕ 'ਸ਼ਰਫ਼' ਜੀ ਦੀਆਂ ਧਾਰਮਕ
ਤੇ ਸਾਹਿਤਕ ਇਨਾਮੀ ਕਵਿਤਾਵਾਂ
ਦਾ ਸੰਗ੍ਰਹਿ ਹੈ।

ਸਿੱਖ ਬੁੱਕ ਕੰਪਨੀ
ਅੰਮ੍ਰਿਤਸਰ

ਸ਼ਾਖ਼ਾਂ ਦੀਆਂ ਸ਼ਨੇਹੀਆਂ

ਲੇਖਕ ਬਾਬੂ ਫ਼ਿਰੋਜ਼ ਦੀਨ ਸ਼ਰਫ਼

ਪਬਲਿਸ਼ਰ ਡਾ: ਰਾਜਿੰਦਰ ਸਿੰਘ/

ਸਿੱਖ ਬੁਕ ਕੰਪਨੀ

ਅੰਮ੍ਰਿਤਸਰ

M.S. Venga

81463-36

(1) ਪ੍ਰਤਾਪ ਯਾਤ੍ਰਾਂ ਦੀਆਂ ਕਹਾਣੀਆਂ
ਲੇਖਕ ਨਿਰੰਜਨਦੀਪ ਸਾਗਰ

(2) ਸਿਮਰਨ ਦੇ ਗੀਤ
ਲੇਖਕ ਦਇਆਲ ਸਿੰਘ ਦਿਲਬਰ 1962

(3) ਮੈਂ ਸਤਿਗੁਰ ਦੀ ਦੁਲਾਰੀ
ਲੇਖਕ ਸ. [illegible] ਕਰਮ ਸਿੰਘ ਜੀ ਸਾਗਰ
ਸਾਲ 1956
ਹਰ ਇਕ ਦੀਆਂ ਦੋ ਦੋ ਕਾਪੀਆਂ

2 set

Time — 4 pm.

* * *

'ਸ਼ਰਫ਼' ਜੀ ਰਚਿਤ ਪੁਸਤਕਾਂ

ਸ਼ਰਫ਼ ਉਡਾਰੀ	੬-੦੦
ਸ਼ਰਫ਼ ਨਿਸ਼ਾਨੀ	੬-੦੦
ਸ਼ਰਫ਼ ਹੁਲਾਰੇ	੬-੭੦
ਲਾਲਾਂ ਦੀਆਂ ਲੜੀਆਂ	੬-੦੦
ਜੋਗਨ	੬-੦੦
ਹੀਰ ਸਿਆਲ (ਡਰਾਮਾ)	੫-੦੦

*

ਪਬਲਿਸ਼ਰ :

ਸ: ਰਾਜਿੰਦਰ ਸਿੰਘ
ਸਿੱਖ ਬੁਕ ਕੰਪਨੀ, ਅੰਮ੍ਰਿਤਸਰ।

ਪ੍ਰਿੰਟਰ :

ਸਾਖ਼ੀ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ।

ਤਤਕਰਾ

—o—

ਮੁਖਬੰਧ

ਵਲੋਂ—ਸ੍ਰੀ ਮਾਨ ਲਾਲਾ ਧਨੀ ਰਾਮ ਜੀ 'ਚਾਤ੍ਰਿਕ'
ਪ੍ਰੈਜ਼ੀਡੈਂਟ ਪੰਜਾਬੀਸਭਾ ਅੰਮ੍ਰਿਤਸਰ

ਮੈਨੂੰ ਮੌਜੀ ਦੇ ਪ੍ਰਬੰਧਕਾਂ ਤੇ ਖ਼ਾਸ ਕਰਕ ਸਰਦਾਰ ਐਸ. ਐਸ. ਚਰਨ ਸਿੰਘ ਜੀ ਵਲੋਂ, ਪੰਜਾਬੀ ਬੋਲੀ ਦੇ ਹੋਣਹਾਰ ਲਾਲ, ਬਾਬੂ ਫ਼ੀਰੋਜ਼ ਦੀਨ ਜੀ 'ਸ਼ਰਫ਼' ਰਚਿਤ 'ਲਾਲਾਂ ਦੀਆਂ ਲੜੀਆਂ' ਲਈ ਮੁਖਬੰਧ ਲਿਖਣ ਦਾ ਸੁਨੇਹਾ ਪੁੱਜਾ ਹੈ। ਪਾਠਕਾਂ ਨਾਲ 'ਸ਼ਰਫ਼' ਜੀ ਦੀ ਜਾਣ ਪਛਾਣ ਕਰਾਉਣੀ ਤਾਂ ਲੱਭੇ ਨੂੰ ਲਭਾਉਣ ਵਾਲੀ ਗੱਲ ਹੈ। ਕਿਹੜਾ ਕਾਵਯ-ਬਗੀਚਾ ਹੈ, ਜਿਥੇ ਇਸ 'ਪੰਜਾਬੀਬੁਲਬੁਲ' ਦੇ ਤੱਰਾਨੇ ਨਹੀਂ ਗੂੰਜਦੇ ? ਕਿਹੜੀ ਮਹਿਫ਼ਲ ਹੈ ਜਿਸ ਵਿਚ 'ਸ਼ਰਫ਼' ਦੇ ਵਾਕਯ-ਦੀਪਕ ਪਰ ਪਰਵਾਨੇ ਝੁਰਮਟ ਨਹੀਂ ਬੰਨ੍ਹਦੇ? ਕਿਹੜਾ ਕਵੀ ਦਰਬਾਰ ਹੈ, ਇਸ ਜਿਥੇ ਪ੍ਰੇਮ ਮਸਤਾਨੇ ਦੇ ਦੀਵਾਨੇ ਨਹੀਂ ਅਪੜਦੇ ? ਅਰ ਕਿਹੜਾ ਗੁਰਪੁਰਬ ਉਤਸਵ ਹੈ ਜਿਥੇ 'ਸ਼ਰਫ਼' ਦੇ ਅਫ਼ਸਾਨੇ ਸੁਣਨ ਦੇ ਬਹਾਨੇ ਆਪਣੇ ਬਿਗਾਨੇ ਕੱਠੇ ਨਹੀਂ ਹੋ ਜਾਂਦੇ ? ਪੰਜਾਬੀ ਦੇ ਕਾਵਯ-ਰਸੀਆਂ ਦੇ ਦਿਲਾਂ ਵਿਚ 'ਸ਼ਰਫ਼' ਫੁੱਲਾਂ ਦੀ ਵਾਸ ਵਾਂਗ ਵੱਸਿਆ ਹੋਯਾ ਹੈ। ਅਖ਼ਬਾਰਾਂ ਤੇ ਰਸਾਲਿਆਂ ਨੇ ਇਸ ਸਦਾ ਬਹਾਰੇ ਫੁੱਲ ਦੀ ਸੋ ਨੂੰ ਖ਼ੁਸ਼ਬੋ ਵਾਂਗ ਚੁੱਕ ਕੇ ਹਿੰਦੁਸਤਾਨੋਂ ਬਾਹਰ ਟਾਪੂਆਂ ਤੱਕ ਨੂੰ ਮਹਿਕਾ ਛੱਡਿਆ ਹੈ।

... ਸ਼ਹਿਰ ਹੈ, ਜਿਸਦੀ ਗੋਦ ਵਿਚ 'ਸ਼ਰਫ਼' ਵਰਗਾ ਲਾਇਕ ਪੰਜਾਬੀ ਸ਼ਾਇਰ ਜੰਮਿਆਂ ਪਲਿਆ ਹੈ। ਜਿਸ ਪੰਜਾਬੀ ਨੂੰ ਸਰਕਾਰੇ ਦਰਬਾਰੇ ਕਿਤੇ ਢੋਈ ਨਹੀਂ ਮਿਲਦੀ, ਅਰ ਜਿਸ ਦੇ ਆਪਣੇ ਢਿੱਡ ਦੇ ਜਣੇ ਭੀ ਇਸ ਨੂੰ ਇਲਮੀ ਜ਼ਬਾਨ ਮੰਨਣੋਂ ਕੰਨ ਕਤਰਾਉਂਦੇ ਹਨ, ਉਸ ਬੇਆਸਰੀ ਜ਼ਬਾਨ ਵਿਚ ਬੋਲਕੇ, ਪੜ੍ਹਿਆਂ ਦੇ ਪਰ੍ਹੇ ਬੁੱਤ ਬਣਾ ਕੇ ਖਲ੍ਹਾਰ ਛੱਡਣੇ, 'ਸ਼ਰਫ਼' ਦੀ ਜਾਦੂ ਬਿਆਨੀ ਦਾ ਜ਼ਿੰਦਾ ਸਬੂਤ ਹੈ। 'ਸ਼ਰਫ਼' ਦੇ ਮਾਨਯੋਗ ਉਸਤਾਦ ਬਾਬੂ 'ਹਮਦਮ' ਸਾਹਿਬ ਨੂੰ ਮੈਂ ਵਧਾਈ ਦਿੰਦਾ ਹਾਂ, ਜਿਨ੍ਹਾਂ ਦੇ ਸਾਹਮਣੇ ਗੋਡੇ ਟੇਕ ਕੇ 'ਸ਼ਰਫ਼' ਨੇ ਇਹ ਨਾਮ ਪਾਇਆ ਹੈ। ਜਿਸ 'ਸ਼ਰਫ਼' ਦਾ ਨੌਜਵਾਨੀ ਵਿੱਚ ਇਹ ਰੰਗ ਹੈ, ਅੱਗੇ ਵਧ ਕੇ ਆਸ ਹੈ ਕਿ ਉਹ ਕਦੀ ਨਾਂ ਅਸਤਣ ਵਾਲਾ ਤਾਰਾ ਬਣੇਗਾ।

'ਸ਼ਰਫ਼' ਦੇ ਕਲਾਮ ਵਿਚ ਗੁੱਝੀਆਂ ਉਡਾਰੀਆਂ ਹਨ ਜਿਨ੍ਹਾਂ ਨੇ 'ਨਸੀਮ' ਦੀ ਹਵਾ ਬੰਨ੍ਹ ਦਿਤੀ ਸੀ। ਮੁਹਾਵਰੇ ਬੜੇ ਸਾਦੇ ਹੁੰਦੇ ਹਨ, ਜਿਸਤਰ੍ਹਾਂ ਘਰਾਂ ਵਿਚ ਬੋਲੇ ਚਾਲੇ ਜਾਂਦੇ ਹਨ, ਪਰ ਅਕਸਰ ਮੁਹਾਵਰੇ ਦੋ ਅਰਥਾਂ ਵਾਲੇ ਹੁੰਦੇ ਹਨ। ਆਸ਼ਾ ਹੈ ਕਿ ਕਿਸੇ ਦਿਨ ਨੂੰ ਸਾਡਾ 'ਸ਼ਰਫ਼' ਪੰਜਾਬੀ ਦਾ ਇਕਬਾਲ ਬਣੇਗਾ।

ਮੈਨੂੰ ਇਹ ਸੁਣਕੇ ਬੜਾ ਆਨੰਦ ਹੋਯਾ ਹੈ; ਕਿ 'ਸ਼ਰਫ਼' ਦੀਆਂ 'ਲਾਲਾਂ ਦੀਆਂ ਲੜੀਆਂ' ਨੂੰ ਪੰਜਾਬੀ ਦੇ ਸਾਹਿਤਜਾ ਚਾਰਜ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਸਾਹਿਬ ਦੇ ਨਾਮ ਪਰ ਸਮਰਪਣ ਕੀਤਾ ਗਿਆ ਹੈ, ਅਰ ਸ੍ਰੀ ਮਾਨ ਜੀ ਨੇ 'ਸ਼ਰਫ਼' ਦੀ ਇਸ ਭੇਟਾ ਨੂੰ ਸ੍ਵੀਕਾਰਤਾ ਦਾ ਸ਼ਰਫ਼ ਬਖਸ਼ ਦਿਤਾ ਹੈ। ਸਚ ਮੁਚ ਇਹ ਸ਼ਰਧਾ ਦਾ ਫੁੱਲ ਇਸੇ ਕਾਵ੍ਯ ਮੰਦਰ ਵਿੱਚ ਚੜ੍ਹਨ ਦਾ ਅਧਿਕਾਰੀ ਸੀ। 'ਸ਼ਰਫ਼' ਦੀ ਰਚਨਾ ਵਿੱਚ ਉਹ ਕੁਝ ਹੈ, ਜੋ ਹੋਰ ਕਿਤੇ ਬਹੁਤ ਘੱਟ ਨਜ਼ਰ ਆਉਂਦਾ ਹੈ। ਜਿਹੜੇ

ਅਤੇ ਭਾਗਾਂ ਵਾਲਾ ਸ਼ਹਿਰ ਹੈ। ਜਿਸਦੀ ਗੋਦ

[illegible]

ਅਨਜਾਣ ਪੰਜਾਬੀ ਨੂੰ ਇਕ ਜਟਕੀ ਬੋਲੀ ਮਿਥੀ ਬੈਠੇ ਹਨ, ਇਹ ਰਤਨਾਂ ਉਨ੍ਹਾਂ ਦੀਆਂ ਅੱਖਾਂ ਤੋਂ ਪੱਟੀ ਉਤਾਰ ਦੇਵੇਗੀ। ਇਸ ਵਿਚ ਅਲੰਕਾਰਾਂ ਤੇ ਇਸਤਆਰਿਆਂ ਦੀ ਇੰਨੀ ਬਹੁਲਤ ਹੈ, ਕਿ ਪੰਜਾਬੀ ਦੇ ਆਮ ਤੁਕਬੰਦੀਕਵੀ ਉਸ ਤੋਂ ਢੇਰ ਸਾਰੀ ਸਿੱਖਯਾ ਲੈ ਸਕਦੇ ਹਨ।

ਬੇ-ਐਬ ਰੱਬ ਦਾ ਨਾਮ ਹੈ, 'ਸ਼ਰਫ਼' ਦੇ ਕਲਾਮ ਵਿੱਚ ਭੀ ਖ਼ਾਮੀਆਂ ਉਕਾਈਆਂ ਤੇ ਝਿੜਕਾਂ ਥੋੜਾਂ ਜ਼ਰੂਰ ਮੌਜੂਦ ਹਨ। 'ਸ਼ਰਫ਼' ਨੇ ਇਹ ਦਾਹਵਾ ਨਹੀਂ ਬੱਧਾ ਕਿ ਉਹ ਕਮਾਲ ਨੂੰ ਅੱਪੜ ਪਿਆ ਹੈ। ਉਸ ਦੀ ਕਵਿਤਾ ਹਾਲੀ ਚੜ੍ਹਦੀ ਜਵਾਨੀ ਵਿਚ ਹੈ। ਅਰ ਲੜੀਆਂ ਦੀ ਸੱਚੀ ਪੰਜਾਬੀ ਸਾਹਿੱਤਯ ਦੇ ਲਾਲ ਦੀ ਪਹਿਲੀ ਖੱਟੀ ਹੈ। ਪਾਰਖੂ ਅੱਖੀਂ ਇਸ ਨਵੇਂ ਹਿਲਾਲ ਦੀ ਚਮਕ ਦੇਖਕੇ ਬਦਰ ਦੇ ਕਮਾਲ ਦੀ ਉਡੀਕ ਕਰ ਰਹੀਆਂ ਹਨ।

'ਸ਼ਰਫ਼' ਦਾ ਕਲਾਮ ਉਂਝ ਤਾਂ ਸਾਰਾ ਹੀ ਸੁੱਧੜਾ ਸੋਨਾ ਹੈ, ਪਰ ਮੈਂ ਉਸ ਦੀਆਂ ਲੰਮੀਆਂ ਤਾਰੀਆਂ ਤੇ ਉਚੀਆਂ ਉਡਾਰੀਆਂ ਵਿਚੋਂ ਕੁਝ ਕੁ ਵੰਨਗੀਆਂ ਦਿਖਾ ਕੇ ਫੇਰ ਬੱਸ ਕਰਾਂਗਾ :

ਸਫ਼ਾ ੮—'ਕੁਤਕੁਤਾਰੀਆਂ ਕੱਢੀਆਂ ਪੌਣ ਆਕੇ, ਮੂੰਹ ਕਲੀਆਂ ਦੇ ਹੱਸ ਹੱਸ ਲਾਲ ਹੋਏ' ਕੈਸਾ ਸਾਦਾ ਤੇ ਸੁੰਦਰ ਅਲੰਕਾਰ ਹੈ।

ਸਫ਼ਾ ੧੧—'ਪਰੀਆਂ ਮੋਹਛਲ ਜਿਨ੍ਹਾਂ ਨੂੰ ਕਰਨ ਆ ਕੇ ਤੇਰੇ ਬੂਹੇ 'ਤੇ ਫੇਰਦੇ ਬਹੁਕਰਾਂ ਨੇ' ਇਕ ਸੱਚਾਈ ਨੂੰ ਕਿਸ ਸਾਦਗੀ ਤੇ ਸ਼ਰਧਾ ਨਾਲ ਨਿਭਾਇਆ ਹੈ!

ਸਫ਼ਾ ੧੬—'ਕੜਕੇ ਪੱਤ ਵਾਂਗੂੰ ਤਿਉਂ ਤਿਉ ਆਖਦੇ ਨੇ, ਭਾਣਾ ਮਿੱਠਾ ਪਿਆਰ ਦਾ ਲੱਗਦਾ ਹੈ' ਇੱਧਰ (ਗੁੜ ਦੀ) ਪੱਤ ਵਾਂਗ ਚਰਬੀ ਦਾ ਢਲਨਾ ਤੇ ਉੱਧਰ ਭਾਣੇ ਦੀ ਮਿਠਾਸ ਕੈਸਾ ਸੁਹਣਾ ਮੇਲ ਹੈ?

ਸਫ਼ਾ ੧੭—'ਸੱਸੀ ਪੁੱਛਿਆ ਰੇਤ ਦੇ ਜ਼ੱਰਿਆਂ ਨੂੰ, ਦੱਸੋ ਫੁੱਲ ਏਹ ਕਿਹੜੇ ਪਰਵਾਰ ਦਾ ਹੈ? ਇਬਰਾਹੀਮ ਵਾਂਗੂ ਚੜ੍ਹ ਕੇ ਚਿਖਾ ਉੱਤੇ, ਮਜ਼ਾ ਲੁੱਟਦਾ ਪਿਆਗੁ ਲਜ਼ਾਰ ਦਾ ਹੈ!' ਇਬਰਾਹੀਮ ਲਈਅੱਗ ਦੀ ਚਿਖਾ ਗੁਲਜ਼ਾਰ ਹੋ ਗਈ ਸੀ, ਇਸੇਤਰ੍ਹਾਂ ਗੁਰੂ ਪੰਚਮ ਪਾਤਸ਼ਾਹ ਲਈ ਤਸੀਹੇ ਠੰਢ ਪਾ ਰਹੇ ਹਨ। ਫੁੱਲ ਅਤੇ ਗੁਲਜ਼ਾਰ ਦੀ ਚਮਕ ਭੀ ਦੇਖਣ ਵਾਲੀ ਹੈ।

ਸਫ਼ਾ ੩੫—'ਕੁਈ ਨਾਂ ਜਿਨ੍ਹਾਂ ਦੇ ਅੱਥਰੂ ਪੂੰਝਦਾ ਸੀ, ਤੁਸੀਂ ਉਨ੍ਹਾਂ ਨੂੰ ਖਿੜ ਖਿੜ ਹਸੌਣ ਆਏ! ਸਭ ਕੁਝ ਆਪਣਾ ਉਜਾੜਕੇ ਤੇ, ਉੱਜੜ ਗਿਆਂ ਦੇ ਥੇਹ ਵਸੌਣ ਆਏ' ਕਲਗੀਧਰ ਦੇ ਉਪਕਾਰ ਦਾ ਝਾਕੀ ਕੈਸੇ ਸਾਦੇ ਤੇ ਦਿਲ ਖਿਚਵੇਂ ਲਫ਼ਜ਼ਾਂ ਵਿੱਚ ਦਿਖਾਈ ਹੈ।

ਸਫ਼ਾ ਪ੬—'ਯਾ ਤੂੰ ਬੁਲਬੁਲਾ ਫੁੱਲ ਦੀ ਉਮਰ ਦਾ, ਯਾ ਤੂੰ ਅੱਥਰੂ ਬੁਲਬੁਲ ਦੇ ਪਜਾਰ ਦਾ ਹੈਂ? ਬੁਲਬੁਲੇ ਦੀ ਨਾਸਮਾਨਤਾਫੁੱਲਦੇ ਅਲਪ ਜੀਵਨ ਨਾਲੀ ਮੇਲੀ ਹੈ ਉੱਧਰ ਤਰੇਲਤੁਪਕੇ ਨੂੰ ਬੁਲਬੁਲ ਦੇ ਪਜਾਰ ਦਾ ਸਾਰ ਬਣਾਯਾ ਹੈ। ਇਹ ਸਾਰੀ ਨਜ਼ਮ ਹੀ ਗੂੜ੍ਹਿਆਂ ਇਸਤਆਰਿਆਂ ਨਾਲ ਭਰਪੂਰ ਹੈ! ਦੇਖੋ ਸਫ਼ਾ ਪ... ਪਰ ਉਹੋ ਤੁਪਕਾ ਕਿਤੇ ਸ਼ਾਮ (ਕ੍ਰਿਸ਼ਨ) ਦੇ ਹਾਰ ਦਾ ਮੋਤੀ ... ਸੰਧਯਾ ਤੇ ਹਾਰ ਦਾ ਮੋਤੀ (ਤਾਰਾ) ਅਰ ਕਿਤੇ ਰਾਤ ਦੇ ਕੁਲਫੀ ਦੁਪੱਟੇ ਤੋਂ ਅਬਰਕ ਬਣ ਜਾਂਦਾ ਹੈ। ਹੇਠਾਂ ਜਾਕੇ ਇਹੋ ਤੁਪਕਾ 'ਮੈਨੂੰ ਪ੍ਰਾਣੀ ਦੀ ਬੂੰਦ ਨਾਂ ਸਮਝ ਬੈਠੀਂ, ਮੈਂ ਤਾਂ ਸੁੱਤੇ ਸਮੁੰਦ੍ਰ ਏ ਭਰੇ ਹੋਏ ਨੇ' ਵਿੱਚ ਆਪਣੇ ਆਕਸ਼ ਪ੍ਰਿਥਵੀ ਦੇ ਨਿੱਤ ਦੇ ਆਵਾਗਵਨ ਨੂੰ ਕਿਸ ਬਰੀਕੀ ਨਾਲ ਸਮਝ ਰਿਹਾ ਹੈ। ਇਹੋ ਤੁਪਕਾ ਝਲਾਂ ਦਾ ਇੱਕ ਹਿੱਸਾ ਬਣਕੇ ਸੋਹਣੀ ਦਾ ਬੇੜਾ (ਘੜਾ) ਰੂਪ ਕੱਪੜਾ ਲਹਿਰਾਂ ਰੂਪੀ ਕੈਂਚੀਆਂ ਨਾਲ ਪੁਰਜ਼ਾ ਪੁਰਜ਼ਾ ਹੁੰਦਾ ਦੇਖਦਾ ਹੈ।

ਸਫ਼ਾ ਪ੯—'ਵਿਕਦਾ ਵੇਖਿਆ ਕਿਸੇ ਦੇ ਨਾਮ ਉੱਤੇ ਅੱਗੇ ਚਕ੍ਰਵਰਤੀਆਂ ਨੂੰ, ਵਿਚ ਹਰਿਸ਼ਚੰਦ੍ਰ ਦਾ ਧਰਮ

ਲਈ ਸਰਵੱਸ੍ਵ ਦਾਨ ਕਿਨਾਂ ਦਿਲ ਖਿੱਚਵਾ ਹੈ, ਅਰ 'ਉੱਡੇ ਖ਼ੰਜਰ ਪਿਆਰੇ ਦੀ ਡੋਰ ਉੱਤੇ, ਸਰਮਦ ਜਿਹਾਂ ਦੇ ਸੀਸ ਪਤੰਗ ਹੋਕੇ' ਵਿੱਚ ਡੋਰ (ਲਿਵ-ਆਸ਼ਾ) ਦਾ ਖੰਜਰ ਕਿਸ ਤਰ੍ਹਾਂ ਸਿਰ ਨੂੰ ਪਤੰਗ ਵਾਂਗ ਉਡਾ ਰਿਹਾ ਹੈ। ਜ਼ਰਾ ਉਡਾਉਣ ਦੇ ਦੋ ਵਰਤਾਉ ਦੇਖਣੇ !

ਸਫਾ ੬੧ ਪਰ-'ਭਰ ਗਈ ਸੀਸ ਵਿਚ ਵਾ ਤਕੱਬਰੀ ਦੀ, ਫੁੱਲਾ ਬੁਲਬੁਲੇ ਵਾਂਗ ਕਲਬੂਤ ਤੇਰਾ' ਵਿਚ ਕੈਸੀ ਬਾਰੀਕੀ ਨਾਲ ਹੰਕਾਰ ਭਰੇ ਦਿਮਾਗ਼ ਨੂੰ ਬੁਲਬੁਲ ਦੀ ਖਿਨਭੰਗਰਤਾ ਦੀ ਸਮਾਨਤਾ ਦਿੱਤੀ ਹੈ।

ਸਫਾ ੬੬-'ਮਹਿੰਦੀ ਵਾਂਗ ਤੂੰ ਉਪਰੋਂ ਹਰੀ ਦਿਸੇਂ, ਖੂਨੀ ਜਾਪਦਾ ਹੈ ਵਿੱਚੋਂ ਚਿੱਤ ਤੇਰਾ' ਵਿਚ ਮਹਿੰਦੀ ਦਾ ਅੰਦਰ ਬਾਹਰ ਕਿਸ ਖੂਬੀ ਨਾਲ ਦਸਿਆ ਹੈ।

ਸਫਾ ੭੩-'ਕਿਤੇ ਦੀਵਿਆਂ ਵਿੱਚ ਪਰਕਾਸ਼ ਕਰਦਾ, ਕਿਤੇ ਭੰਬਟਾਂ ਵਿੱਚ ਉਹ ਸਹਿਕਦਾ ਹੈ' ਇਥੇ ਸ਼ਮਾਂ ਤੇ ਪਰਵਾਨੇ ਦੀ ਦਸ਼ਾ ਦਿਖਾਉਣ ਵਿਚ ਕੈਸੀ ਸੁੰਦਰ ਯੁਕਤੀ ਵਰਤੀ ਹੈ।

ਸਫਾ ੭੯-'ਲੋਕਾਂ ਵਾਸਤੇ ਚਾਨਣੀ ਚੰਦ ਘੱਲੀ ਮੇਰੇ ਲਈ ਅਨ੍ਹੇਰ ਇਹ ਘੱਲ ਦਿਤਾ' ਵਿਚ ਦੁਖੀ ਦਿਲ ਲਈ ਸੁਖਦਾਈ ਚੀਜ਼ਾਂ ਨੂੰ ਕਲਪਾਊ ਕੈਸੀ ਸੁੰਦਰਤਾ ਨਾਲ ਸਾਬਤ ਕੀਤਾ ਹੈ।

ਸਫਾ ੮੪-'ਲਯ ਦੀਪਕ ਦੀ ਰੱਖਦੇ ਵੈਣ ਤੇਰੇ, ਅੱਗ ਫੁਲਾਂ ਦੀ ਹਿਕ 'ਤੇ ਬਾਲਨੀ ਹੈ। ਖਾਰੇ ਸੋਮਿਆਂ ਦਾ ਪਾਣੀ ਪਾ ਪਾ ਕੇ ਕਾਹਨੂੰ ਨਰਗਸੀ ਅੱਖੀਆਂ ਗਾਲਨੀ ਹੈਂ ?' ਇਥੇ ਇਕ ਦੁਖਿਆਰੀ ਦਾ ਹੂ-ਬ-ਹੂ ਅਲੰਕਾਰ ਬੰਨ੍ਹਣ ਵਿਚ ਕੈਸਾ ਕਮਾਲ ਦਿਖਾਇਆ ਹੈ।

ਸਫਾ ੧੦੨-'ਵੇ ਤੂੰ ਸੱਚ ਜਾਣੀ ਮੋਈ ਦੇ ਭੀ, ਪੈਂਦੇ ਵੈਣ ਨੇ ਦੋ ਕਰੋੜ ਅੰਦਰ' ਵਿਚ ਕੈਸੀ ਸੁੰਦਰ ਰੀਤ ਨਾਲ ਦਸਿਆ ਹੈ

ਕਿ ਭਾਵੇਂ ਪੰਜਾਬੀ ਨੂੰ ਮੁਰਦਾ ਬੋਲੀ ਨਾਲ ਮਿਥਿਆ ਹੋਇਆ ਹੈ, ਪਰ ਅਸਲ ਵਿਚ ਮਾਤ੍ਰੀ ਭਾਸ਼ਾ ਇਹੋ ਹੈ। ਹਸਣਾ ਗਾਉਣਾ ਰਜ਼ਮਝਾ ਬੋਲਣਾ ਤਾਂ ਇਕ ਪਾਸੇ ਰਿਹਾ ਸਿਆਪਿਆਂ ਵਿਚ ਵੈਣ ਭੀ ਇਸੇ ਬੋਲੀ ਵਿਚ ਪੈ ਰਹੇ ਹਨ। ਪੰਜਾਬੀ ਦੇ ਵਿਰੋਧੀਆਂ ਲਈ ਇਕ ਚਾਬਕ ਹੈ।

ਸਫ਼ਾ ੧੧੪–'ਆਪੋ ਵਿਚ ਖਹਿ ਖਹਿ ਵਾਂਸਾਂ ਵਾਂਗ ਕਿਧਰੇ ਏਸ ਝੱਲ ਨੂੰ ਅੱਗ ਨਾ ਲੱਗ ਜਾਵੇ' ਇਥੇ ਝੱਲ (ਪਾਗਲਪੁਣੇ) ਅਤ (ਬੇਲੇ) ਨੂੰ ਫੁੱਟ ਦੇ ਭੈੜ ਪਰਿਣਾਮ ਤੋਂ, ਕਿਸ ਸਫ਼ਾਈ ਨਾਲ ਵਾਂਸਾ ਦੀ ਅੱਗ ਦਾ ਨਜ਼ਾਰਾ ਦਿਖਾ ਕੇ ਏਕਤਾ ਵੱਲ ਪ੍ਰੇਰਿਆ ਹੈ।

ਸਫ਼ਾ ੧੫੨–'ਡੁਸਕ ਡੁਸਕ ਕੇ ਕਿਸੇ ਨੇ ਆਖਣਾ ਇਹ, ਧੋਖਾ ਹੋਰਨਾਂ ਨੂੰ ਵਿਓ ਛੱਲਿਆਂ ਦਾ। ਸਾਨੂੰ ਆਪਣੇ ਨਾਲ ਹੀ ਲਈ ਚਲੋ, ਸਾਡਾ ਜੀ ਨਹੀਂ ਲਗਦਾ ਕੱਲਿਆਂ ਦਾ' ਇਸ ਵਿਚ ਨਾਇਕਾ ਦੇ ਲਾਡ ਨੂੰ ਕਿਸ ਸਾਦਗੀ ਤੇ ਭੋਲੇਪਨ ਦੇ ਰੰਗ ਵਿਚ ਰੰਗਿਆ ਹੈ।

ਮੈਂ ਇਹ ਥੋੜੇ ਜਹੇ ਨਮੂਨੇ ਕਿਤੋਂ ਕਿਤੋਂ ਫੜੇ ਹਨ, ਅਸਲ ਵਿਚ ਇਸਤਰ੍ਹਾਂ ਦੇ ਮਾਸਟਰ ਪੀਸ 'ਸ਼ਰਫ਼' ਦੇ ਕਲਾਮ ਵਿਚ ਬੇਓੜਕੇ ਹਨ। ਪਾਠਕ ਜੇ ਇਸ ਸਾਰੀ ਸੈਂਚੀ ਨੂੰ ਧਿਆਨ ਨਾਲ ਪੜ੍ਹਨਗੇ ਤਾਂ ਸਚ ਮੁਚ 'ਲਾਲਾਂ ਦੀਆਂ ਲੜੀਆਂ' ਹੀ ਸਿੱਧ ਹੋਣਗੀਆਂ।

'ਮੌਜੀ' ਦੇ ਕਾਵਯ—ਰਸੀਏ ਮਾਲਕ ਸ੍ਰਦਾਰ ਐਸ.ਐਸ. ਚਰਨ ਸਿੰਘ ਜੀ ਬੜੀ ਵਧਾਈ ਦੇ ਭਾਗੀ ਹਨ, ਜਿਨ੍ਹਾਂ ਨੇ ਇਸ ਬੁਲਬੁਲ ਦੇ ਤੱਰਾਨਿਆਂ ਨੂੰ ਪੁਸਤਕ ਰੂਪੀ ਫ਼ੋਨੋਗ੍ਰਾਫ਼ ਵਿਚ ਭਰਕੇ ਘਰ ਘਰ ਪੁਚਾਉਣ ਦਾ ਉੱਦਮ ਕੀਤਾ ਹੈ, ਅਰ 'ਸ਼ਰਫ਼' ਦੀ ਕਦਰਦਾਨੀ ਕਰਕੇ ਪੰਜਾਬੀ ਦੇ ਹੋਰ ਕਵੀਆਂ ਦਾ ਹੌਂਸਲਾ ਵਧਾਉਣ ਦਾ ਰਾਹ ਕਢ ਦਿਤਾ ਹੈ। ਮੌਜੀ ਦੇ ਗਾਹਕ ਭੀ ਬੜੇ ਨਸੀਬਾਂ ਵਾਲੇ ਹਨ, ਜਿਨ੍ਹਾਂ ਨੂੰ ਇਹ 'ਲਾਲਾਂ–ਦੀਆਂ

ਲੜੀਆਂ ਉਪਹਾਰ ਵਿਚ ਮੁਫਤ ਮਿਲ ਜਾਣੀਆਂ ਹਨ।

ਅੰਤ ਵਿਚ ਮੈਂ ਆਪਣੇ ਖ਼ੁਸ਼ ਨਸੀਬ ਕਵੀ 'ਸ਼ਰਫ਼' ਨੂੰ ਵੱਡੀ ਵਡੀ ਵਧਾਈ ਦਿੰਦਾ ਹਾਂ, ਜਿਸ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਸਾਹਿਬ ਵਰਗੇ ਸੁਖ਼ਨਦਾਨ, ਸਰਦਾਰ ਐਸ. ਐਸ. ਚਰਨ ਸਿੰਘ ਵਰਗੇ ਕਦਰਦਾਨ ਤੇ ਮੌਜੀ ਦੇ ਪਾਠਕਾਂ ਵਰਗੇ ਗੁਣ-ਗ੍ਰਾਹਕ ਮਿਲ ਗਏ ਹਨ।

ੴ ਸਤਿਗੁਰ ਪ੍ਰਸਾਦਿ ॥

ਪਹਿਲੀ ਲੜੀ

ਸਤਿਗੁਰਾਂ ਦੀ ਸ਼ਾਨ ਵਿਚ

ਮੌਸਮ ਖੁਸ਼ੀ ਦਾ ਆ ਗਿਆ ਜਗਤ ਅੰਦਰ !

ਮੌਸਮ ਖੁਸ਼ੀ ਦਾ ਆ ਗਿਆ ਜਗਤ ਅੰਦਰ,
ਸਣੇ ਪੱਤਰਾਂ ਰੁੱਖ ਰੁੱਖ ਨਿਹਾਲ ਹੋਏ।
ਕੁਤਕੁਤਾਰੀਆਂ ਕਢੀਆਂ ਪੌਣ ਆ ਕੇ,
ਮੂੰਹ ਕਲੀਆਂ ਦੇ ਹੱਸ ਹੱਸ ਲਾਲ ਹੋਏ !
ਕੀਤੀ ਸੋਟ ਐਸੇ ਸੁੱਚੇ ਮੋਤੀਆਂ ਦੀ,
ਖਾਲੀ ਅੰਬਰਾਂ ਦੇ ਸੱਤੇ ਥਾਲ ਹੋਏ।
ਜੀਭਾਂ ਕਢਕੇ ਫੁੱਲ ਪੈ ਸਹਿਕਦੇ ਸਨ,
ਭਰ ਭਰ ਝੋਲੀਆਂ ਨੂੰ ਮਾਲਾ ਮਾਲ ਹੋਏ।
ਗਾਵਨ ਗੀਤ ਇਹ ਬੁਲਬੁਲਾਂ ਮਸਤ ਹੋਈਆਂ।
ਸੁਣਕੇ ਫੁਲਾਂ ਨੂੰ ਬੜਾ ਅਨੰਦ ਆਯਾ !
ਇਕ ਓਅੰਕਾਰ ਦੀਆਂ ਰਿਸ਼ਮਾਂ ਪੌਣ ਵਾਲਾ,
ਕਾਲੂ ਚੰਦ ਦੇ ਘਰੀਂ ਅਜ ਚੰਦ ਆਯਾ।
ਬੁੱਲੇ ਵਹਿਦਤੀ ਛੱਛਕੇ ਹਿੰਦ ਅੰਦਰ,
ਬੱਦਲ ਦੂਈ ਵਾਲੇ ਸਾਰੇ ਦੂਰ ਕੀਤੇ !
ਜਲਵੇ ਇਕ ਓਅੰਕਾਰ ਦੇ ਸੁਟਕੇ ਤੇ,
ਸੀਨੇ ਪੱਥਰਾਂ ਦੇ ਨੂਰੋ ਨੂਰ ਕੀਤੇ !
ਜਿਹੜੇ ਨਾਮ ਵਲੋਂ ਹਿਰਦੇ ਸਖਣੇ ਸਨ,
ਹਰੀ ਨਾਮ ਦੇ ਨਾਲ ਭਰਪੂਰ ਕੀਤੇ !

ਐਸਾ ਕਰਨੀਆਂ ਦਾ ਚੰਦ ਚਾੜ੍ਹ ਦਿਤਾ,
ਕੌਡੇ ਜਿਹਾਂ ਦੇ ਨਾਉਂ ਮਸ਼ਹੂਰ ਕੀਤੇ !
ਬਾਲਪਨ ਅੰਦਰ ਕੀਤੇ ਖਰੇ ਸੌਦੇ,
ਤਾਂਘ ਤੋੜਕੇ ਕੂੜੀਆਂ ਖੱਟੀਆਂ ਦੀ।
ਫੱਟੇ ਹੋਏ ਸਨ ਕਾਲਜੇ ਪੱਥਰਾਂ ਦੇ,
ਪੱਟੀ ਬੰਨ੍ਹ ਦਿਤੀ ਉਥੇ ਪੱਟੀਆਂ ਦੀ।
ਤੇਰੀ ਪਰਉਪਕਾਰੀ ਦੀ ਸਿਫਤ ਕਰਨੀ,
ਹੈ ਇਹ ਤੋੜਨਾ ਅੰਬਰੋਂ ਤਾਰਿਆਂ ਨੂੰ !
ਸੱਤਾਂ ਪੀੜ੍ਹੀਆਂ ਦੀ ਸ਼ਾਹੀ ਬਖਸ਼ ਦੇਣੀ,
ਬਾਬਰ ਜੇਹੇ ਨਸੀਬਾਂ ਦੇ ਹਾਰਿਆਂ ਨੂੰ !
ਤੇਰੇ ਮਿਠੜੇ ਬੋਲ ਪਰੇਮ ਵਾਲੇ,
ਮਿਠਾ ਕਰ ਦੇਵਨ ਖੂਹਾਂ ਖਾਰਿਆਂ ਨੂੰ !
ਮੋਦੀਖਾਨਿਆਂ ਨੂੰ ਵਾਧੇ ਪਾ ਦੇਣੇ
ਲੰਗਰ ਵੰਡਕੇ ਭੁਖਿਆਂ ਸਾਰਿਆਂ ਨੂੰ !
ਮੈਂ ਕੁਰਬਾਨ ਜਾਂ ਨੈਣਾਂ ਰਸੀਲਿਆਂ ਤੋਂ,
ਐਸੀ ਮਦ ਦੇ ਨਾਲ ਸਨ ਭਰੇ ਹੋਏ !
ਜਿੱਧਰ ਵਗ ਗਈ ਸੁੰਦਰ ਨਿਗਾਹ ਤੇਰੀ,
ਲੱਖਾਂ ਉਜੜੇ ਖੇਤ ਸਨ ਹਰੇ ਹੋਏ !
ਸੂਰਜਬੰਸੀ ਏ ਜੱਗ ਤੇ ਹੋਈ ਜ਼ਾਹਿਰ,
ਰਿੱਧੀ ਸਿੱਧੀ ਦੀ ਨਵੀਂ ਤਾਸੀਰ ਤੇਰੀ !
ਕਿਸਾ 'ਵਲੀ ਕੰਧਾਰੀ' ਦਾ ਯਾਦ ਆਵੇ,
ਸ਼ਾਨ ਦੱਸਦੇ ਨੇ ਪਰਬਤ-ਨੀਰ ਤੇਰੀ !
ਹਿੰਦੂ ਮੁਸਲਿਮ ਦੇ ਸਾਂਝਿਆਂ ਰਾਂਝਿਆ ਵੇ,
ਸੰਗਤ ਬਾਵਰੀ ਹੋਈ ਏ ਹੀਰ ਤੇਰੀ !
ਰੱਖੇ ਰੁਤਬਾ ਹੁਮਾ ਦਾ ਛਾਂ ਉਹਦੀ,
ਜੇਹੜੀ ਕੰਧ ਤੇ ਹੋਵੇ ਤਸਵੀਰ ਤੇਰੀ !

ਦਰਜੇ 'ਦਾਰਾ' 'ਸਕੰਦਰ' ਦੇ ਪਾ ਲੀਤੇ,
ਤੇਰੇ ਨੌਕਰਾਂ ਅਦਨਾਂ ਦੇ ਨੌਕਰਾਂ ਨੇ!
ਪਰੀਆਂ ਮੋਰਛਲ ਜਿਨ੍ਹਾਂ ਨੂੰ ਕਰਨ ਆਕੇ,
ਤੇਰੇ ਬੂਹੇ 'ਤੇ ਫੇਰਦੇ ਬਹੁਕਰਾਂ ਨੇ!
ਕਰਦੇ ਮਾਣ 'ਜਮਸ਼ੈਦ' ਨੇ ਠੀਕਰੀ ਦਾ,
ਗਲਾਂ ਕੀਤੀਆਂ ਬਹੁਤ ਬੇਓਟੀਆਂ ਸਨ!
ਅੰਤਰਯਾਮੀਆ! ਤੂੰ ਸ਼ੀਸ਼ੇ ਦਿਲ ਵਿਚੋਂ,
ਤਾਰਾਂ ਵੇਖ ਲਈਆ ਖਰੀਆਂ ਖੋਟੀਆਂ ਸਨ!
ਭਰੀ ਹੱਕ ਦੀ ਵੇਖਕੇ ਨਿਗਾਹ ਤੇਰੀ,
ਲਹੂ ਦੁੱਧ ਵਗਾਉਂਦੀਆਂ ਰੋਟੀਆਂ ਸਨ!
ਪੰਜੇ ਨਾਲ ਪਹਾੜਾਂ ਨੂੰ ਡੱਕ ਦੇਣਾ,
ਇਹ ਗੱਲਾਂ ਤੇ ਛੋਟੀਆਂ ਛੋਟੀਆਂ ਸਨ!
ਦੀਨਾਂ ਬੰਧੂ ਜੀ! ਖਿਜ਼ਰ ਖ੍ਵਾਜ ਬਣਕੇ,
ਤੁਸੀਂ ਭੁੱਲਿਆਂ ਨੂੰ ਰਾਹੇ ਪਾਉਣ ਆਏ!
ਚੱਪੇ ਮਾਰਕੇ ਇਕ ਓਅੰਕਾਰ ਵਾਲੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲਾਉਣ ਆਏ!
ਓਹ ਕੀ ਸੁਰਗ ਨੂੰ ਜਾਣਦੇ ਭਲਾ, ਜਿਨ੍ਹਾਂ,
ਸੱਚ ਖੰਡਦੀਆਂ ਵਾਟਾਂ ਤਕੀਆਂ ਸਨ?
ਕੌੜੇ ਰੇਠਿਆਂ ਨੂੰ ਮਿੱਠੇ ਕਰ ਦੇਣਾ,
ਇਹ ਕਰਾਮਾਤਾਂ ਤੇਰੀਆਂ ਪੱਕੀਆਂ ਸਨ!
ਪਰਦੇ ਜ਼ੁਲਮ ਦੇ ਪਾ ਕੇ ਮੁੱਖੜੇ 'ਤੇ,
ਅੱਖਾਂ ਲੋਦੀ' ਸਕੰਦਰ ਨੇ ਢੱਕੀਆਂ ਸਨ!
ਤੇਰੇ ਸ਼ਬਦ ਅਨੋਖੇ ਤੋਂ ਜਾਂ ਸਦਕੇ,
ਫਿਰ ਫਿਰ ਸਾਹ ਨਾਂ ਲੈਂਦੀਆਂ ਚੱਕੀਆਂ ਸਨ!
ਸ਼ਿਵਜੀ ਆਪ ਲਪੇਟਕੇ ਲਿਟਾਂ ਅੰਦਰ'
ਹੱਥੀਂ ਆਪਣੀਂ ਨਾਗ ਦੀ ਥਾਂ ਕੀਤੀ!

ਤੈਨੂੰ ਸੁੱਤਿਆਂ ਕਿਤੇ ਜੇ ਧੁੱਪ ਆ ਗਈ,
ਸਿਰ ਤੇ ਆਣਕੇ ਸੱਪਾਂ ਨੇ ਛਾਂ ਕੀਤੀ!
ਸੱਤਨਾਮ ਦਾ ਸੂਰਜ ਚੜ੍ਹਾਕੇ ਤੇ,
ਸੁੰਦਰ ਮਾਲ੍ਹਾਂ ਦੀਆਂ ਕਿਰਨਾਂ ਪਾਉਣ ਵਾਲ਼ੇ!
ਦਾਣਾ ਤਿਲ਼ ਦਾ ਸੰਗਤਾਂ ਸਾਰੀਆਂ ਨੂੰ,
ਅਕਲ ਬੁੱਧ ਦੇ ਨਾਲ ਵਰਤਾਉਣ ਵਾਲ਼ੇ!
ਬਰਛੇ ਮਾਰਕੇ ਸ਼ੇਰ ਜ਼ਮੀਨ ਉੱਤੇ,
ਮਿੱਠੇ ਜਲਾਂ ਦੇ ਸੋਮੇਂ ਵਗਾਉਣ ਵਾਲ਼ੇ!
ਸਚ ਖੰਡ ਦੇ ਵਾਸੀਆ! ਸੱਚ ਆਖਾਂ,
ਤੇਰੇ ਜੱਸ ਨਹੀਂ ਗਿਣਨ ਵਿਚ ਆਉਣ ਵਾਲੇ!
ਪੈ ਗਏ ਡੱਬ ਸਿਆਹੀ ਦੇ ਮੁੱਖੜੇ 'ਤੇ,
ਦਾਗ਼ਦਾਰ ਹੈ ਚੰਦ ਦਾ ਨੂਰ ਹੋਯਾ!
ਤੇਰੇ ਚਰਨਾਂ ਦੀ ਧੂੜ ਨਾ ਮਿਲੀ ਏਹਨੂੰ,
ਫੋਲਾ ਅੱਖ ਦਾ ਤਦੇ ਨਾਂ ਦੂਰ ਹੋਯਾ!
ਤੇਰੇ ਜਨਮ ਸੁਭਾਗ ਦੀ ਖ਼ੁਸ਼ੀ ਅੰਦਰ,
ਚੜ੍ਹੀਆਂ ਅੱਜ ਤ੍ਰਿਲੋਕ ਨੂੰ ਲਾਲੀਆਂ ਨੇ!
ਚਾਈਂ ਚਾਈਂ ਅੱਪੱਛਰਾਂ ਸੁਰਗ ਅੰਦਰ;
ਸੂਰਜ ਚੰਦ ਦੀਆਂ ਪੂਰੇਸੀਆਂ ਥਾਲੀਆਂ ਨੇ।
ਇੰਦ੍ਰਪੁਰੀ 'ਤੇ ਫੁੱਲ ਬਰਸਾ ਦਿਤੇ,
ਸੱਚ ਖੰਡ ਦੇ ਗੰਧਰਬਾਂ ਮਾਲੀਆਂ ਨੇ।
ਏਸ ਜਗ 'ਤੇ ਭੀ ਤੇਰੇ ਸੇਵਕਾਂ ਨੇ,
ਘਰੋ ਘਰੀ ਦਿਵਾਲੀਆਂ ਬਾਲ਼ੀਆਂ ਨੇ!
'ਸ਼ਰਫ਼' ਤੋੜਕੇ ਫੁੱਲ ਕਵੀਸ਼ਰੀ ਦੇ,
ਸੇਹਰ ਮੇਹਨਤਾਂ ਨਾਲ਼ ਬਣਾਇਆ ਮੈ,!
ਬਾਬਾ! ਮੇਰੀ ਭੀ ਨਜ਼ਰ ਮਨਜ਼ੂਰ ਕਰਨੀ,
ਬੜੀ ਸ਼ਰਧਾ ਦੇ ਨਾਲ ਹਾਂ ਆਇਆ ਮੈਂ!

ਪੰਚਮ ਗੁਰੂ ਮਹਾਰਾਜ !

ਲੱਖਾਂ ਪੁੰਨੂੰ ਜੇ ਏਸਤੋਂ ਕਰਾਂ ਸਦਕੇ,
ਤਾਂ ਭੀ ਮੁੱਲ ਨਾਂ ਏਹਦੇ ਦੀਦਾਰ ਦਾ ਏ !

ਘੋੜਾ ਅਕਲ ਦਾ ਪੀੜ ਦਿਮਾਗ਼ ਮੇਰਾ,
ਤੁਰਿਆ ਜਦੋਂ ਮਜ਼ਮੂਨ ਦੀ ਭਾਲ ਅੰਦਰ !
ਡਿੱਠੇ ਜੇਠ ਮਹੀਨੇ ਦੇ ਭੱਠ ਲੌਂਦੇ,
ਝਾਕੀ ਥਲਾਂ ਦੀ ਫਿਰੀ ਖਿਆਲ ਅੰਦਰ !
ਬਾਹਾਂ ਲੰਮੀਆਂ ਕੱਢਕੇ ਵੈਣ ਪਾਉਂਦੀ,
ਡਿੱਠੀ ਇੱਕ ਮੁਟਿਆਰ ਇਸ ਹਾਲ ਅੰਦਰ !
ਮੱਛੀ ਵਾਂਗ ਬਰੇਤੇ ਤੇ ਪਈ ਤੜਫ਼ੇ,
ਫਸੀ ਹੋਈ ਸੀ ਕਿਰਨਾਂ ਦੇ ਜਾਲ ਅੰਦਰ !
ਹੈ ਏ ਸੱਜਰੀ ਸੱਜਰੀ ਕੋਈ ਲਾੜੀ,
ਗਾਨਾਂ ਮਹਿੰਦੀ ਪਏ ਸਗਨਾਂ ਦੇ ਦੱਸਦੇ ਸਨ !
ਜਿਉਂ ਜਿਉਂ ਹਾੜੇ ਉਹ ਦੁੱਖਾਂ ਦੇ ਘੱਤਦੀ ਸੀ,
ਤਿਉਂ ਤਿਉਂ ਜ਼ੱਰੇ ਪਏ ਰੇਤ ਦੇ ਹੱਸਦੇ ਸਨ !
ਬੁੱਲਾ ਲੋ ਦਾ ਚੱਲਿਆ ਇੱਕ ਐਸਾ,
ਕਿਣਕੇ ਰੇਤ ਦੇ ਉੱਡ ਉਡ ਆਉਣ ਲੱਗੇ !
ਸੁਰਮੇ ਵਾਲੀਆਂ ਅੱਖੀਆਂ ਵਿਚ ਪੈਕੇ,
ਉਹਦੇ ਭਾ ਹਨੇਰ ਕੁਝ ਪਾਉਣ ਲੱਗੇ !
ਸੜੀ ਬਾਲੜੀ ਬੋਲੀ ਉਹ ਦੱਬ੍ਹਨ ਹੋਕੇ,
ਕਹਾਨੂੰ ਤੱਤੀ ਨੂੰ ਤੱਤਿਓ ਤਉਣ ਲੱਗੇ ?

ਦੱਸਣ ਜੋਗੇ ਨਹੀਂ ਪੁੰਨੂੰ ਦਾ ਰਾਹ ਜੇਕਰ,
ਮੈਨੂੰ ਅੰਨ੍ਹੀ ਭੀ ਕਿਉਂ ਹੋ ਬਣਾਉਣ ਲੱਗੇ ?
ਜ਼ੱਰੇ ਚਮਕ ਕੇ ਰੋਹ ਦੇ ਨਾਲ ਬੋਲੇ,
ਵਿਰਲੇ ਲੱਭਣ ਪ੍ਰੀਤ ਨਿਭਾਉਣ ਵਾਲੇ !
ਆ ਸੱਸੀਏ ਤੈਨੂੰ ਵਿਖਾਲ ਦੇਈਏ,
ਅਸੀਂ, ਸੱਚ ਦਾ ਇਸ਼ਕ ਕਮਾਉਣ ਵਾਲੇ !
ਉਹ ਵੇਖ ਲੈ ਜਿਨ੍ਹਾਂ ਦੇ ਘਰਾਂ ਅੰਦਰ,
ਲਛਮੀ ਵਰਗੀਆਂ ਰਹਿੰਦੀਆਂ ਬਾਂਦੀਆਂ ਸਨ !
ਇਹ ਤਾਸੀਰ ਸੀ ਜਿਨ੍ਹਾਂ ਦੀ ਨਿਗ੍ਹਾਂ ਅੰਦਰ,
ਚਿਲਾਂ ਵਾਹਣ ਭੀ ਸੋਨਾ ਹੋ ਜਾਂਦੀਆਂ ਸਨ !
ਪਾ ਕੇ ਬੇੜੀਆਂ ਪਰਉਪਕਾਰ ਦੀਆਂ,
ਜਿਨ੍ਹਾਂ ਖਿੱਚਕੇ ਖ਼ਲਕਤਾਂ ਆਂਦੀਆਂ ਸਨ !
ਸਦ-ਵਰਤ ਸਨ ਜਿਨ੍ਹਾਂ ਦੇ ਸਦਾ ਖੁੱਲ੍ਹੇ,
ਭੁੱਖੇ ਆਪ ਤੇ ਸੰਗਤਾਂ ਖਾਂਦੀਆਂ ਸਨ !
ਵੇਖ ਵੇਖ ਨੀ, ਕਿਸ ਤਰ੍ਹਾਂ ਝੱਲਦੇ ਨੇ,
ਪਏ ਦੁੱਖ ਤੇ ਦੁੱਖ ਸੁਖਮਨੀ ਵਾਲੇ !
ਵਾਂਗ ਫੁੱਲਿਆਂ ਦੇ ਖਿੜ ਖਿੜ ਹੱਸਦੇ ਨੇ,
ਤੱਤੀ ਰੇਤ ਦੇ ਵਿਚ ਭੀ ਕਣੀ ਵਾਲੇ !
'ਰਾਮਦਾਸ' ਗੁਰ ਪਿਆਰੇ ਦੇ ਚੰਨ ਉਤੇ,
ਹੁੰਦੇ ਜ਼ੁਲਮ ਪਏ ਕੇਡੇ ਹਨੇਰ ਦੇ ਨੇ !
ਲੋਹੀ ਲਾਖੜੀ ਤਪੀ ਹੈ ਲੋਹ ਹੇਠਾਂ,
ਉਤੋਂ ਰੇਤ ਤੱਤੀ ਪਾਪੀ ਕੇਰਦੇ ਨੇ !
ਏਧਰ ਜ਼ੁਲਮ ਇਹ ਹੁੰਦੇ ਨੇ ਜ਼ਾਲਮਾਂ ਦੇ,
ਓਧਰ ਸਿਦਕ ਇਹ ਗੁਰੂ ਜੀ ਸ਼ੇਰ ਦੇ ਨੇ !
ਆਸਣ ਲੋਹ ਦਾ ਸਮਝਕੇ ਮ੍ਰਿਗਛਾਲਾ,
ਮਾਲਾ ਪਿਆਰੇ ਦੇ ਨਾਮ ਦੀ ਫੇਰਦੇ ਨੇ !

ਇਹ ਉਹ ਵਲੀ ਨੇ ਜਿਨ੍ਹਾਂ ਦੇ ਦਰਸ਼ਨ ਨੂੰ,
'ਮੀਆਂ ਮੀਰ' ਜਹੇ ਪੀਰ ਭੀ ਆਂਵਦੇ ਸਨ !
ਇਹ ਉਹ ਸ਼ਹਿਨਸ਼ਾਹ ਜਿਨ੍ਹਾਂ ਦੇ ਚਰਨ ਅੰਦਰ,
'ਅਕਬਰ' ਜਹੇ ਭੀ ਸੀਸ ਝੁਕਾਂਵਦੇ ਸਨ !
ਜਿਵੇਂ ਜਿਵੇਂ 'ਨਮਰੂਦ' ਦੀ ਚਿਖਾ ਵਾਂਗੂ,
ਭਾਂਬੜ ਲੋਹ ਥੱਲੇ ਲਲਦਾ ਅੱਗ ਦਾ ਏ !
ਕੜਕੇ ਪੱਤ ਵਾਂਗੂ ਤਿਉਂ ਤਿਉਂ ਆਖਣੇ,
ਭਾਣਾ ਮਿੱਠਾ ਪਿਆਰੇ ਦਾ ਲੱਗਦਾ ਏ !
ਜਿਉਂ ਜਿਉਂ ਦੇਹ ਪਵਿਤ੍ਰ ਦਾ ਲਹੂ ਸੜਦਾ,
ਤਿਉਂ ਤਿਉਂ ਆਤਮਾ ਦਾ ਦੀਵਾ ਜੱਗਦਾ ਏ !
ਕੋਮਲ ਦੇਹ ਤੇ ਹੁੰਦੇ ਨੇ ਜ਼ੁਲਮ ਲੱਖਾਂ,
ਹੰਝੂ ਇੱਕ ਨਾਂ ਅੱਖੀਓਂ ਵੱਗਦਾ ਏ !
ਪਰਲੋ ਤੀਕ ਅਧੀਨ ਹੈ ਪੰਥ ਸਾਰਾ,
ਪੰਚਮ ਗੁਰੂ ਦੀਆਂ ਮੇਹਰਬਾਨੀਆਂ ਦਾ !
ਦੁੱਖ ਝੱਲਕੇ ਆਪਣੀ ਜਾਨ ਉੱਤੇ,
ਰਾਹ ਦੱਸ ਗਏ ਜੋੜੇ ਕੁਰਬਾਨੀਆਂ ਦਾ !
'ਮੀਆਂ ਮੀਰ' ਜੀ ਆਖਦੇ 'ਗੁਰੂ ਸਾਹਿਬ,
ਡਿੱਠੇ ਜਾਉਂ ਨਾਂ ਅਤਿਆਚਾਰ ਅੰਦਰ !
'ਕਰੋ ਹੁਕਮ ਤੇ ਹੋਣ ਬਰਬਾਦ ਜ਼ਾਲਮ,
ਲੱਗੇ ਅੱਗ ਬਰਬਾਦ ਸਰਕਾਰ ਅੰਦਰ !
ਆਸ਼ਕ ਸਾਦਕ ਇਹ ਕਹਿੰਦੇਨੇ 'ਪੀਰ ਪਿਆਰੇ;
ਸਦਾ ਰਹਿਣਾ ਨਹੀਂ ਏਸ ਸੰਸਾਰ ਅੰਦਰ !
'ਲੈਕੇ ਸੀਸ ਭੀ ਹੋਵੇ ਜੇ ਯਾਰ ਰਾਜ਼ੀ,
ਤਾਂ ਭੀ ਖੱਟੀਏ ਏਸ ਵਪਾਰ ਅੰਦਰ !
ਆਸ਼ਕ ਆਹ ਭੀ ਮੂੰਹੋਂ ਉਭਾਸਰੇ ਨਾਂ,
ਹੋ ਕੇ ਰਾਜ਼ੀ ਰਜ਼ਾ ਤੇ ਬਹਿ ਜਾਵੇ !

ਮੰਜ਼ਲ ਇਸ਼ਕ ਦੀ ਹੁੰਦੀ ਏ ਕਠਨ ਡਾਢੀ;
ਕਰਕੇ 'ਸੀ' ਅਧਵਾਟੇ ਨਾਂ ਰਹਿ ਜਾਵੇ!
'ਸੱਸੀ' ਪੁਛਿਆ ਰੇਤ ਦਿਆਂ ਜ਼ੱਰਿਆਂ ਨੂੰ,
ਦੱਸੋ ਫੁੱਲ ਇਹ ਕੇਹੜੇ ਪਰਵਾਰ ਦਾ ਏ?
'ਇਬਰਾਹੀਮ' ਵਾਂਗੂ ਚੜ੍ਹਕੇ ਤ੍ਰਿਖਾ ਉਤੇ,
ਮਜ਼ਾ ਲੁੱਟਦਾ ਪਿਆ ਗੁਲਜ਼ਾਰ ਦਾ ਏ?
ਰਿੱਧੀ ਸਿੱਧੀ ਗੁਰਿਆਈ ਦੇ ਬਲ ਹੁੰਦੇ,
ਪਿਆ ਦੁੱਖ ਤੇ ਦੁੱਖ ਸਹਾਰਦਾ ਏ?
ਲੱਖਾਂ 'ਪੁੰਨੂੰ' ਜੇ ਏਸ ਤੋਂ ਕਰਾਂ ਸਦਕੇ,
ਤਾਂ ਭੀ ਮੁੱਲ ਨਾਂ ਇਹਦੇ ਦੀਦਾਰ ਦਾ ਏ?
ਜ਼ੱਰੇ ਨਿਕਲਕੇ ਅੱਖੀਓਂ ਹਾਲ ਸਾਰਾ,
ਸ਼ਾਂਤਮਈ ਅਵਤਾਰ ਦਾ ਕਹਿਣ ਲੱਗੇ!
ਏਧਰ ਸੱਸੀ ਵਿਚਾਰੀ ਦੇ ਨੇਤਰਾਂ ਚੋਂ,
ਵਾਂਗ ਰਾਵੀ ਦੇ ਅੱਥਰੂ ਵਹਿਣ ਲੱਗੇ!
ਸੇਵਾਦਾਰ ਭੀ ਜਿਨ੍ਹਾਂ ਦੇ ਜੱਗ ਅੰਦਰ,
ਰੁਤਬੇ ਖਾਸ ਲੁਕਮਾਨ ਦੇ ਪਾਂਵਦੇ ਨੇ!
ਮਾਰ ਟੋਕਰੀ ਗਾਰ ਦੀ ਰੋਗੀਆਂ ਤੇ,
ਕੁੰਦਨ ਵਰਗੀਆਂ ਦੇਹਾਂ ਬਨਾਂਵਦੇ ਨੇ!
ਤਰਨ ਤਾਰਨ ਹੈ ਸਾਫ ਗਵਾਹ ਨਾਲੇ;
ਕੋੜ੍ਹੇ ਪਿੰਗਲੇ ਭੀ ਗੀਤ ਗਾਂਵਦੇ ਨੇ!
ਰੋਂਦੇ ਆਂਵਦੇ ਡੋਲੀਆਂ ਵਿੱਚ ਪੈਕੇ,
ਘਰੀਂ ਹੱਸਦੇ ਖੇਡਦੇ ਜਾਂਵਦੇ ਨੇ!
ਸ਼ਬਦਾਂ ਬਾਣੀਆਂ ਦੀ ਬੱਧੀ ਬੀੜ ਪਿਆਰੀ,
ਜਿਨ੍ਹਾਂ ਗੁਰੂ ਗਰੰਥ ਕਿਤਾਬ ਅੰਦਰ!
ਪੰਚਮ ਗੁਰੂ ਮਹਾਰਾਜ ਇਹ'ਸ਼ਰਫ਼', ਜਿਨ੍ਹਾਂ,
ਸੋਮੇ ਅੰਮ੍ਰਿਤ ਵਗਾਏ ਪੰਜਾਬ ਅੰਦਰ!

ਐਉਂ ਜ਼ੁਲਮ ਨੂੰ ਆਪਾਂ ਮਿਟਾਵਣਾ ਈ !

ਕਲਮੇ ਮੇਰੀਏ ਅਦਬ ਦੇ ਨਾਲ ਨਿਉਂ ਨਿਉਂ,
ਅੱਖਰ ਅੱਖਰ ਤੇ ਸੀਸ ਝੁਕਾਵਣਾ ਈ !
ਭਾਗਾਂ ਵ ਲ ਏ, ਗੋਰੀਏ, ਕਾਲੀਏ, ਨੀ
ਅੱਜ ਤੂੰ ਉਹਦੇ ਦਰਬਾਰ ਵਿਚ ਜਾਵਣਾ ਈ !
ਜਿਨ੍ਹੇਂ ਸਭ ਕੋਲੋਂ ਪਹਿਲੇ ਪੰਥ ਅੰਦਰ,
ਸਿਰ ਤੇ ਤਾਜ ਸ਼ਹੀਦੀ ਰਖਾਵਣਾ ਈ !
ਹਾਲ ਓਹਦੀ ਸ਼ਹੀਦੀ ਦਾ ਜਦੋਂ ਸੁਣਿਆ,
ਤੈਨੂੰ ਰੋਂਦਿਆਂ ਸਬਰ ਨਾਂ ਆਵਣਾ ਈ !
ਨਾਲ ਦਰਦ ਦੇ ਕਰਦ ਦੇ ਵਿਚ ਤੂੰ ਭੀ,
ਰਗੜ ਰਗੜਕੇ ਸੀਸ ਵਢਾਵਣਾ ਈ !
ਨਾਲ ਜ਼ੁਲਮ ਦੇ ਗੁਰੂ ਨੂੰ ਸ਼ੁਰੂ ਕੀਤਾ,
'ਚੰਦੂ ਚੰਦਰੇ ਜਦੋਂ ਸਤਾਵਣਾ ਈ !
ਉਹਦੀ 'ਦੇਗ' ਦਾ ਹਾਲ ਨਾਂ ਸੁਣੀ ਮੈਥੋਂ;
ਕਾਹਨੂੰ ਫੁੱਲਾਂ ਦਾ ਅਰਕ ਕਢਾਵਣਾ ਈ !
ਤੱਤੀ ਭੱਠੀ ਦੀ ਰੇਤ ਦਾ ਜ਼ਿਕਰ ਐਸਾ,
ਜਿਵੇਂ ਨਰਕ ਅੰਦਰ ਲਾਂਬੂ ਲਾਵਣਾ ਈ !

ਛੱਲੇ ਪੈਣਗੇ ਢੁੱਲਿਆਂ ਵਾਂਗ ਤੈਨੂੰ,
ਜਿਵੇਂ ਜ੍ਵਾਰ ਦਾ ਹੁੰਦਾ ਭੁਨਾਵਣਾ ਈ।
ਓਸ ਤਪੀ ਹੋਈ ਲੋਹ ਦੀ ਗੱਲ ਸੁਣਕੇ,
ਕਾਹਨੂੰ ਸੂਰਜ ਨੂੰ ਤਵਾ ਬਨਾਵਣਾ ਈ।
'ਮੀਆਂ ਮੀਰ' ਜੀ ਵੇਖ ਇਹ ਜ਼ੁਲਮ ਬੋੱਲੇ,
ਕਾਹਨੂੰ ਗੁਰੂ ਜੀ ਦੁੱਖ ਉਠਾਵਣਾ ਈ।
ਜੇਕਰ ਕਹੋ ਤਾਂ ਤਖਤ ਦਾ ਹੋਇ ਤਖਤਾ,
ਅਸਾਂ ਕਹਿਣਾ ਤੇ ਰੱਬ ਉਲਟਾਵਣਾ ਈ
ਕਹਿਆ ਆਸ਼ਕਾਂ ਸਾਦਕਾਂ ਪੀਰ ਪਿਆਰੇ,
ਨਾਂ ਇਹ ਕਰਨਾ ਤੇ ਨਾਂ ਇਹ ਕਰਾਵਣਾ ਈ।
ਉਹੋ ਹੋਣਾ ਈ ਅਸਾਂ ਵਿਚਾਰਿਆਂ ਤੇ,
ਜੇਹੜਾ ਓਸ ਕਰਤਾਰ ਨੂੰ ਭਾਵਣਾ ਈ।
ਅਸਾਂ ਪ੍ਰੀਤਮ ਦੇ ਇਸ਼ਕ ਦੀ ਮਧ ਪੀਤੀ,
ਸੀਸ 'ਸਰਮਦ' ਦੇ ਵਾਂਗ ਕਟਾਵਣਾ ਈ।
'ਸ਼ਾਹ ਸ਼ੱਮਸ' ਦੇ ਵਾਂਗ ਨਹੀਂ 'ਸੀ' ਕਰਨੀ,
ਨਾਲ ਖੁਸ਼ੀ ਦੇ ਚੰਮ ਲੁਹਾਵਣਾ ਈ।
ਅਸਾਂ ਆਪਣਾ ਆਪ ਮਨਜ਼ੂਰ ਕਰਨਾ,
ਸੂਲੀ ਵਾਂਗ ਮਨਸੂਰ ਚੜ੍ਹਾਵਣਾ ਈ।
ਐਪਰ ਆਪਣੇ ਵਾਸਤੇ ਕਿਸੇ ਨੂੰ ਭੀ,
ਕੰਡੇ ਤੀਕ ਨਾਂ ਕਦੇ ਚੁਭਾਵਣਾ ਈ।
ਲੱਖਾਂ ਵਰ੍ਹੇ ਵੀ ਜੀਵੇ ਤੇ ਕੀ ਜੀਵੇ,
ਅੰਤ ਜੋਤ ਵਿਚ ਜੋਤ ਸਮਾਵਣਾ ਈ।
ਆਖੀ ਜਿਵੇਂ ਪਰਮਾਤਮਾ ਆਤਮਾ ਨੂੰ,
ਅਸਾਂ ਓਹੋ ਹੀ ਹੁਕਮ ਮਨਾਵਣਾ ਈ।
ਪੀਰ ਜੀ ਵਾਹ! ਗੁਰੂ ਵਾਹਿਗੁਰੂ ਦਾ,
ਖੂਬ ਸਿਖਿਆ ਚਿਲਾ ਕਮਾਵਣਾ ਈ।

ਸੁਰਮਾ 'ਸੁਲੇਮਾਨੀ' ਜਾਨੀ ਯਾ 'ਮੂਸਾ',
ਫੂਕ ਫੂਕ ਦੇ ਨਾਲ ਉਡਾਵਣਾ ਈ।
ਤੇਰੇ ਤੂਰ ਨੂੰ ਸਾੜੇ ਦੇ ਨਾਲ ਵੇਖੀਂ,
ਨਾਲੇ ਇਸ ਤਰ੍ਹਾਂ ਰੋਜ਼ ਜਲਾਵਣਾ ਈ।
'ਗੁਰੂ ਅਰਜਨ' ਦੇ ਚਰਨਾਂ ਦੀ ਖ਼ਾਕ ਲੈਕੇ,
ਸੁਰਮਾਂ ਅੱਖੀਆਂ ਵਿੱਚ ਮੈਂ ਪਾਵਣਾ ਈ।
ਜਦੋਂ ਕਰੇ ਜੀਆ, ਪੀਆ ਵੇਖ ਲੈਣਾ,
ਦਿਲ ਦਾ ਚਾਲਣਾ ਜਿਹਾ ਵਧਾਵਣਾ ਈ।
ਸ਼ਾਂਤਮਾਈ ਦਾ ਪੱਲਾ ਨਾਂ ਛੱਡ ਦੇਵੀਂ
ਜੇ ਤੂੰ ਓਸਦਾ ਚੇਰਾ ਸਦਾਵਣਾ ਈ।
ਵਾਂਗੂ ਅਹਿਣ ਦੇ ਗੋਲੀਆਂ ਪੈਣ ਭਾਵੇਂ,
ਪਰ ਤੂੰ ਪਰ ਨਾਂ ਪਿਛ੍ਹਾਂ ਹਟਾਵਣਾ ਈ।
ਉਹਦੇ ਵਾਕ ਉੱਤੇ ਜਦੋਂ ਖ਼ਾਕ ਹੋਜੇਂ,
ਤੈਥੋਂ ਸਾਇਆਂ ਨਾਂ ਖ਼ੌਫ਼ ਖਾਵਣਾ ਈ।
ਜਿਵੇਂ ਅੱਖਰ ਸਲੇਟ ਦੇ ਮਿੱਟਦੇ ਨੇ,
ਏਵੇਂ ਜ਼ੁਲਮ ਨੂੰ ਆਪਾਂ ਮਟਾਵਣਾ ਈ।
'ਸ਼ਰਫ਼' ਬੀੜ ਗਰੰਥ ਦੀ ਬੰਨਣ ਵਾਲੇ,
ਦੁੱਖ ਪੀੜ ਤੇਰਾ ਵੰਡਾਵਣਾ ਈ।

❋

ਬਾਜਾਂ ਨਾਲ ਲੜਾਈਆਂ ਚਿੜੀਆਂ !

ਡਿਓਢ—

ਸ਼ੁਭ ਘੜੀ, ਸ਼ੁਭ ਲਗਨ ਮਹੂਰਤ,
ਮਾਤਾ ਗੁਜਰੀ ਜਾਏ ! ਪਟਣੇ ਆਏ ।
ਮਾਰ ਦਿੱਤੇ ਲਿਸ਼ਕਾਰੇ ਐਸੇ,
ਸੱਤ ਦੀਪ ਚਮਕਾਏ ! ਦਰਸ ਦਿਖਾਏ ।
ਹੱਕ ਹਮਸਾਏ ਦੇਣ ਵਧਾਈਆਂ,
ਕਰ ਕਰ ਖੁਸ਼ੀਆਂ ਚਾਹੇ ! ਅੱਖੀਂ ਚਾਏ ।
ਗੰਧਰਬ ਹੋਰ ਅਪੱਛਰਾਂ ਆਈਆਂ,
ਨੂਰੀ ਦਰਸ਼ਨ ਪਾਏ ! ਰੂਪ ਵਧਾਏ ।
ਸੱਚ ਖੰਡ ਵਿਚੋਂ ਦੇਵਤੇ ਸਾਰੇ,
ਹੁਮ ਹੁਮਾਕੇ ਧਾਏ ! ਦਰਸ਼ਨ ਪਾਏ ।
ਬਾਲੇ ਪਨ ਵਿਚ ਗੁਰੂਆਂ ਵਾਲੇ,
ਆ ਉਪਦੇਸ਼ ਸੁਣਾਏ ਭਰਮ ਮਿਟਾਏ ।

ਜ਼ੁਲਮ ਜਬਰ ਦੇ ਬੱਦਲ ਸਾਰੇ,
ਧੂੜਾਂ ਵਾਂਗ ਉਡਾਏ ! ਕਰਮ ਕਮਾਏ।
ਨਾਤਾਣਾਂ ਤੇ ਤਾਣਾਂ ਵਾਲੇ,
ਤੰਬੂ ਤਾਣ ਵਿਖਾਏ ! ਦੁਖੀ ਸਹਾਏ।
ਫੜ ਫੜ ਤੇਗਾਂ ਪਾਪੀ ਵੈਰੀ,
ਸੁਸਤੀ ਵਾਂਗ ਸਵਾਏ ! ਦੂਣ ਸਹਾਏ।
ਕਰ ਸ਼ਾਂਦੀ ਪਰਸਾਦੀ ਹਾਥੀ,
ਖੁੱਲ੍ਹਾ ਨਾਲ ਹੰਡਾਏ ! ਮਨ ਪਰਚਾਏ।
ਛੇ ਛੇ ਸੂਰੇ ਪੂਰੇ ਕਰ ਕਰ,
ਸੱਠਾਂ ਨਾਲ ਲੜਾਏ ! ਜੋ ਲੜ ਲਾਏ।
ਬੇ ਪਰਤੀਤੇ ਆਏ ਜੀਹੜੇ,
ਪਿੱਪਲ ਚਾ ਗਣਵਾਏ ! ਭਰਮ ਮਿਟਾਏ।
ਤੀਰ ਪਿਆਰੇ ਚਿੱਲੇ ਵਿਚੋਂ,
ਪਰੀਆਂ ਵਾਂਗ ਉਡਾਏ ! ਖਤ ਪਹੁੰਚਾਏ।
ਉੱਕੇ ਕਦੀ ਨਾ ਟੀਚੇ ਉਤੋਂ,
ਸਾਫ਼ ਨਿਸ਼ਾਨੇ ਲਾਏ ! ਜਿੱਧਰ ਧਾਏ !
ਤੇਰੇ ਨੀਲੇ ਦੇ ਖੁਰ ਉਤੋਂ,
ਸੂਰਜ ਚੰਦ ਘੁਮਾਏ ! ਉਤ੍ਹਾਂ ਚੜ੍ਹਾਏ।
ਸੁੰਦਰ ਕਲਗੀ ਵਾਲਿਆ ਤੇਰੇ,
ਸਾਖੀਆਂ ਗੀਤ ਬਣਾਏ ! ਘਰ ਘਰ ਗਾਏ।
ਨੀਲਾ ਘੋੜਾ ਬਾਂਕਾ ਜੋੜਾ,
ਹਥ ਪੁਰ ਬਾਜ ਸੁਹਾਏ ! ਗੁਰੂ ਜੀ ਆਏ।
ਧੀਰਜ ਦੇਵਨ ਬਾਜ ਤੇਰੇ ਓ,
ਬਾਗ ਗੁਰੂ ਦੇ ਆਏ ! ਭਰਮ ਮਿਟਾਏ।
ਸੰਗਤ ਦੇ ਵਿੱਚ ਅੰਮ੍ਰਿਤ ਵਾਲੇ,
ਸੋਹਣੇ ਛੱਟੇ ਲਾਏ ! ਮੀਂਹ ਬਰਸਾਏ !

ਬਾਜਾਂ ਨਾਲ ਲੜਾਈਆਂ ਚਿੜੀਆਂ,
ਗਿੱਦੜ ਸ਼ੇਰ ਬਣਾਏ ! ਜੁਧ ਕਰਾਏ ।
ਧਰਮ ਸਚਾਈ ਬਦਲੇ ਪਿਆਰੇ,
ਚਾਰੇ ਲਾਲ ਕੁਹਾਏ ! ਵੰਸ ਲੁਟਾਏ ।
'ਨਾਨਕ' ਵਾਂਗੂ ਦੁਨੀਆਂ ਉਤੇ,
ਸਦਾ ਨਸ਼ਾਨ ਝੁਲਾਏ ! ਜੋ ਰਬ ਭਾਏ ।
ਇਕ ਓਂਕਾਰ ਅਕਾਲ ਪੁਰਖ ਦੇ,
ਸੁੰਦਰ ਸਬਕ ਪੜ੍ਹਾਏ ! ਬੂਟੇ ਲਾਏ ।
'ਮਾਧੋ' ਵਰਗੇ ਜਾਦੂਗਰ ਭੀ,
ਬੰਦੇ "ਸ਼ਰਫ਼" ਬਣਾਏ ! ਭਰਮ ਮਿਟਾਏ ।

*

ਵਾਹ ਵਾਹ ਸੁੰਦਰ ਕਲਗੀ ਤੇਰੀ
ਮਾਰ ਦਿੱਤੇ ਲਿਸ਼ਕਾਰੇ।

ਅਵਤਾਰਾਂ ਦਾ ਰਾਜਾ ਆਜੋਂ, ਧਰ ਨੂਰਨੀ ਕਲਗ਼ੀ।
ਜਾਦੂਗਰ ਭੀ ਬੰਦੇ ਬਣ ਗਏ, ਵੇਖ ਨਿਸ਼ਾਨੀ ਕਲਗ਼ੀ।
ਕਲਗੀਧਰ ਜੀ ਦੀਨਾ ਬੰਧੂ, ਸੋਹਣੀਆਂ ਸ਼ਾਨਾਂ ਵਾਲੇ।
ਅੰਮ੍ਰਿਤ ਵਾਲੇ, ਪੰਥਾਂ ਵਾਲੇ, ਤੇ ਕਿਰਪਾਨਾਂ ਵਾਲੇ।
ਕਲਗ਼ੀ ਵਾਲੇ, ਬਾਜਾਂ ਵਾਲੇ, ਤੀਰ ਕਮਾਨਾਂ ਵਾਲੇ।
ਮੁਕਤੀ ਵਾਲੇ, ਸ਼ਕਤੀ ਵਾਲੇ, ਅਣਖਾਂ, ਆਨਾਂ ਵਾਲੇ।
'ਹੇਮ ਗੁਫਾ' ਦੇ ਸੁੰਦਰ ਚੰਦਾ, ਸੰਗਤ ਵਾਲਿਆ ਸਾਈਆਂ।
ਸਚਖੰਡ ਅੰਦਰ ਪਹੁੰਚਨ ਤੈਨੂੰ, ਅਜ ਬੇਅੰਤ ਵਧਾਈਆਂ।
ਵਾਹ ਮਨ ਮੋਹਣੀ ਨੀਲੀ ਤੇਰੀ, ਵਾਹ ਨੀਲੀ ਦੀਆਂ ਚਾਲਾਂ।
ਸੋਹਣੀਆਂ ਦੌੜਾਂ ਬਾਂਕੇ ਪੋਈਏ, ਸੁੰਦਰ ਏਦ੍ਹੀਆਂ ਛਾਲਾਂ।
ਝੱਲ ਨ ਸੱਕਾਂ ਬਾਈ ਧਾਰਾਂ, ਖੁਰ ਏਦ੍ਹੇ ਦੀਆਂ ਛਾਲਾਂ।
ਧਮਕ ਪਏ ਜਿਸ ਰਣ ਵਿਚ ਏਦ੍ਹੀ, ਟੁੱਟਣ ਤੇਗਾਂ ਵਾਲਾਂ।
ਜਿੱਧਰ ਜਿੱਧਰ ਨੀਲੀ ਤੇਰੀ; ਅੱਖਾਂ ਜਾ ਚਮਕਾਈਆਂ।
ਆਟੇਵਾਲੀਆਂ ਗੜ੍ਹੂਆਂ ਬਣ ਬਣ, ਓਸੇ ਪਾਸਿਓਂ ਆਈਆਂ।

ਵਾਹ ਵਾਹ ਤੇਰੇ ਤੀਰ ਪਿਆਰੇ, ਸਾਫ ਨਿਸ਼ਾਨੇ ਲਾਵਨ।
ਵੇਖ ਉਡਾਰ। ਤਾਰੀ ਪਿਆਰੀ, ਪਰੀਆਂ ਭੀ ਸ਼ਰਮਾਵਨ।
ਐਸੇ ਮਿੱਠੇ ਫਲ ਏਨ੍ਹਾਂ ਦੇ, ਦੂਤੀ ਹਸ ਹਸ ਖਾਵਨ।
ਉੱਕਾ ਪੁੱਕਾ ਵਿੰਨ੍ਹ ਕਲੇਜਾ, ਏਹ ਭੀ ਭੁੱਖ ਮਿਟਾਵਨ।
ਵਾਂਗ ਕਬੂਤਰ ਚਿੱਠੀਆਂ ਖੜਕੇ, ਮਾਰਨ ਗੁੱਝੀਆਂ ਚੋਟਾਂ
ਚੌਸਰ ਖੇਲਨ ਵਾਲੇ ਚਾਤਰ, ਭੁੱਲਣ ਚਾਲਾਂ ਗੋਟਾਂ।
ਤੇਗ ਤੇਰੀ ਏ ਵਿਚ ਮਿਆਨੇ, ਸਾਹਿਬ ਕੌਰ ਸਜਾਵੇ।
ਰਣ ਵਿਚ ਆਵੇ ਚੰਚਲ ਬਣਕੇ, ਲਾਲਾਂ ਪਰੀ ਕਹਾਵੇ।
ਬਰਸੇ ਸਾਵਨ ਬਰਖਾ ਵਾਂਗੂੰ, ਬਿਜਲੀ ਪਈ ਚਮਕਾਵੇ।
ਖਿੱਦੋ ਵਾਗੂੰ ਸੀਸ ਸਰੀਰੋਂ ਟੋਟੇ ਮਾਰ ਉਡਾਵੇ।
ਰੋਪੜ ਦੇ ਵਿਚ ਨਾਲ ਸਫਾਈ, ਕਰ ਗਈ ਐਸੀਆਂ ਕਾਟਾਂ।
ਸੂਰਜ ਬਣ ਬਣ ਜ਼ੱਰੇ ਏਦ੍ਹੇ. ਅਜ ਪਏ ਮਾਰਨ ਲਾਟਾਂ।
ਚਿੱਟੇ ਚਿੱਟੇ ਬਾਜ ਤੇਰੇ ਸਨ, ਅਰਸ਼ਾਂ ਉੱਤੋਂ ਆਏ।
ਏਨ੍ਹਾਂ ਨੇ ਵੀ ਅੰਮ੍ਰਿਤ ਵਿਚੋਂ, ਬਲ ਸ਼ਕਤੀ ਦੇ ਪਾਏ।
ਖੁੱਲ੍ਹ ਗਈਆਂ ਜਿਸ ਵੇਲੇ ਡੋਰਾਂ, ਪੰਛੀ ਮਾਰ ਉਡਾਏ।
ਸ਼ੇਰਾਂ ਨੇਤਰ ਨੀਵੇਂ ਕੀਤੇ, ਬਿਰਈ ਮਾਰ ਮੁਕਾਏ।
ਜੇਕਰ ਲੱਭੇ ਖੰਭ ਹੁਮਾ ਦਾ, ਓਹਦੀ ਕਲਮ ਸਜਾਵਾਂ।
ਸਿਫਤ ਉਨ੍ਹਾਂ ਦੀ ਲਿਖਣੇ ਬਦਲੇ, ਕਾਗਜ਼ ਚੰਦ ਬਣਾਵਾਂ।
ਵਾਹ ਵਾਹ ਸੁੰਦਰ ਕਲਗੀ ਤੇਰੀ, ਮਾਰ ਦਿੱਤੇ ਲਿਸ਼ਕਾਰੇ।
ਨੂਰੋ ਨੂਰ ਹਜਾ ਹਿੰਦ ਸਾਰਾ, ਛੁੱਟੇ ਨੂਰ ਫੁਹਾਰੇ।
ਕਿਰ ਕਿਰ ਕਿਰਨਾਂ ਸੂਰਜ ਮੁੱਖੋਂ, ਖਿੱਲਰ ਗਈਆਂ।
ਬੰਜਰ ਬਾਰ ਮਲੋਣੀਆਂ ਦੇ ਭੀ, ਖੋਲ੍ਹ ਦਿੱਤੇ ਸੀ ਬਾਰੇ।
ਅਵਤਾਰਾਂ ਦਾ ਰਾਜਾ ਆਯੋਂ, ਧਰ ਨੂਰਾਨੀ ਕਲਗੀ।
ਜਾਦੂਗਰ ਭੀ ਬੰਦੇ ਬਣ ਗਏ, ਵੇਖ ਨਿਸ਼ਾਨੀ ਕਲਗੀ।
ਅੰਮ੍ਰਿਤ ਪਿਅ ਲੇ ਐਸੇ ਪਿਆਏ, ਸੰਗਪ ਨੂੰ ਤੂੰ ਸਾਈਆਂ।
ਬੱਕਰੀਆਂ ਨੂੰ ਸ਼ੇਰ ਬਣਾਯਾ, ਚਿੜੀਆਂ ਬਾਜ ਬਣਾਈਆਂ।

ਝੁਕਕੇ ਬਦਲੇ ਸ਼ਾਹ ਸਕੰਦਰ, ਫਿਰਿਆ ਕੁਲ ਖੁਦਾਈਆਂ।
ਤੁਸਾਂ ਅਨੰਦਪੁਰ ਅੰਮ੍ਰਿਤ ਵਾਲੀਆਂ; ਨਹਿਰਾਂ ਕਢ ਵਗਾਈਆਂ।
ਏਕਤਾਈ ਦਾ ਨੂਰ ਡੁਲ੍ਹਾਇਆ, ਖੰਡੇ ਵਾਲੀਓਂ ਧਾਰੋਂ।
ਜਾਤਾਂ ਪਾਤਾਂ ਰੋੜ੍ਹ ਗਵਾਈਆਂ, ਸੰਗਤ ਦੇ ਵਿਚਕਾਰੋਂ।
ਜਨਮ ਤੇਰੇ ਦੇ ਚਾਓ ਅੰਦਰ, ਚੜ੍ਹੀ ਸੁਰਗ ਨੂੰ ਲਾਲੀ।
ਇੰਦਰ ਪੁਰੀ ਗਈ ਚੜ੍ਹ ਅੰਬਰ, ਗਈ ਨ ਖੁਸ਼ੀ ਸੰਭਾਲੀ।
ਸਚਖੰਡ ਵਾਲੇ ਮਾਲੀ ਪੁਰ ਸੀ, ਚੰਦ ਸੂਰਜ ਦੀ ਬਾਲੀ।
ਇਸ ਜਗ ਤੇ ਭੀ ਸੰਗਤ ਤੇਰੀ, ਅੱਜ ਦੀਵਾਲੀ ਬਾਲੀ।
ਫੁੱਲ ਸ਼ੇਅਰਾਂ ਦੇ ਚੁਣ ਚੁਣਕੇ ਮੈਂ, ਸੇਹਰਾ 'ਸ਼ਰਫ਼' ਬਣਾਯਾ।
ਦਸਮ ਗੁਰੂ ਜੀ ਸੀਸ ਚੜ੍ਹਾਓ, ਸ਼ਰਧਾ ਕਰਕੇ ਆਯਾ।

❋

ਪੰਜ ਪੰਜ ਘੁੱਟ ਪਾਣੀ ਖੰਡੇ ਦਾ ਪਿਆਲ ਕੇ

ਕ: ਆ ਜਾ ਮੇਰੀ ਕਲਮ ਪਜਾਰੀ ਜਾਵਾਂ ਤੇਥੋਂ ਬਲਿਹਾਰੀ।
ਚਲ ਖਾਂ ਚਕੋਰ ਵਾਲੀ ਚਾਲ ਝੂਲ ਝਾਲਕੇ।
ਸੰਗਤਾਂ ਦੇ ਦਿਲਾਂ ਨੂੰ ਆਨੰਦ ਜ਼ਰਾ ਕਰ ਦੇਵੀਂ,
ਕਲਗੀਧਰ ਤੇਗ਼ ਦਾ ਨਜ਼ਾਰਾ ਭੀ ਵਿਖਾਲਕੇ।
ਸ਼ਾਹੀ ਫੌਜਾਂ ਬਿਕਰਮੀ ਸਤਾਰਾਂ ਸੌ ਤੇ ਸੱਠ ਵਿਚ,
ਬੈਠੀਆਂ ਅਨੰਦ ਪੁਰ ਉਤੇ ਘੇਰਾ ਡਾਲਕੇ।
ਲਹਿੰਦੇ ਵਲ ਜਾਓ ਬੱਚਾ ਹੜ੍ਹ ਵਾਂਗੂ ਚੜ੍ਹ ਆਓ,
ਘਲਿਆ 'ਅਜੀਤ' ਜੀ ਨੂੰ ਪਿਤਾ ਨੇ ਸਿਖਾਲਕੇ।
ਦੂਜੀ ਗੁਠੋਂ ਆਪ ਆਏ ਚੜ੍ਹ ਕੇ ਹਨੇਰੀ ਵਾਂਗੂ,
ਉੱਚ ਵਾਲੇ ਸਿੰਘ ਪੀਰ ਨਾਲ ਲੈਕੇ ਬਾਲਕੇ।
ਸ਼ਾਹੀ ਫੋਜਾਂ ਨਾਲ ਆਕੇ ਹੋਯਾ ਐਸਾ ਟਾਕਰਾ ਸੀ,
ਕਾਲ ਦਿਉਤਾ ਨੱਸ ਗਿਆ ਜਾਨ ਨੂੰ ਸੰਭਾਲਕੇ।
ਤੇਗ਼ ਵਾਲੀ ਖੂੰਡੀ ਐਸੀ ਵਾਹੀ ਸੀ 'ਅਜੀਤ' ਜੀ ਨੇ,
ਖਿਦੋ ਵਾਂਗ ਸੀਸ ਸੁੱਟੇ ਧੜਾਂ ਤੋਂ ਉਛਾਲਕੇ।
ਜਿਹੜਾ ਆਯਾ ਸਾਮ੍ਹਣੇ ਉਹ ਇਕ ਦਾ ਬਣਾਯਾ ਦੋ,
ਮਾਂ ਜਾਯਾ ਪੁੱਤ ਨ ਕੋਈ ਵਾਰ ਗਿਆ ਟਾਲਕੇ।
ਗੋਰਾ ਗੋਰਾ ਮੁਖ ਜਿਨੂੰ ਤੇਗ ਦਾ ਵਿਖਾਲ ਦਿਤਾ,
ਓਸੇ ਦਾ ਕਲੇਜਾ ਆਂਦਾ ਨਾਲੇ ਹੀ ਉਧਾਲਕੇ।
ਦੂਜੇ ਪਾਸੇ ਚੱਟਦੀ ਸੀ ਤੇਗ ਦਸਮੇਸ਼ ਜੀ ਦੀ,
ਵੈਰੀਆਂ ਦੇ ਕਾਲਜੇ ਦਾ ਖੂਨ ਭਾਲ ਭਾਲਕੇ।

ਇਕੋ ਪਰ ਵਾਲੀ ਪਰੀ ਜੁੱਧ ਵਿਚ ਉੱਡ ਉੱਡ,
ਰੱਤ ਵਾਲੇ ਸੁੱਟਦੀ ਸੀ ਲਾਲ ਪਈ ਉਗਾਲਕੇ।
ਜਿਹੜਾ ਰਤਾ ਤੱਤਾ ਹੋਇਆ ਤੱਤੇ ਤੱਤ ਤਾਂ ਉਹਨੂੰ,
ਧਾਰ ਨਾਲ ਠੰਢਾ ਕੀਤਾ ਉਥੇ ਹੀ ਨੁਹਾਲਕੇ।
ਚੱਕੀਆਂ ਦੇ ਪੁੱੜਾਂ ਵਾਂਗੂੰ ਦੋਹਾਂ ਤੇਗ਼ਾਂ ਫਿਰ ਫਿਰ,
ਦਾਣੇ ਵਾਂਗ ਰੱਖ ਦਿਤੇ ਦਲ ਸੀ ਹੁਦਾਲਕੇ।
ਵੇਖ ਵੇਖ ਸੂਰਿਆਂ ਨੂੰ ਸੂਬਾ ਸਰਹੰਦ ਵਾਲਾ,
ਪੁਛੇ 'ਅਜਮੇਰ' ਚੰਦ ਰਾਜੇ ਨੂੰ ਬਹਾਲਕੇ।
ਸਿਖਾਂ ਦੇ ਸਰੀਰ ਨੂੰ ਹੈ ਮਿੱਟੀ ਕਿਹੜੀ ਲਗੀ ਹੋਈ,
ਕਿਹੜੇ ਸੱਚੇ ਵਿਚ ਇਹ ਬਣਾਏ ਹੋਏ ਨੇ ਢਾਲਕੇ ?
ਪਿਛਾਂ ਭੀ ਇਹ ਹਟਦੇ ਨਹੀਂ ਉਂਝ ਭੀ ਇਹ ਘਟਦੇ ਨਹੀਂ,
ਅੱਕਦੇ ਨਹੀਂ ਥੱਕਦੇ ਨਹੀਂ ਖੂਹਣੀਆਂ ਭੀ ਗਾਲਕੇ।
ਅਜੇ ਤੀਕ ਮੱਤੇ ਹੋਏ ਅੱਖੀਆਂ ਉਘੇੜਦੇ ਨਹੀਂ,
ਸੁੱਜਰੀ ਦੇ ਵਾਂਗ ਸਾਡੇ ਦਿਲਾਂ ਨੂੰ ਸਵਾਲਕੇ।
ਪੈਰਾਂ ਤੋਂ ਪਿਆਦੇ ਭੀ ਇਹ ਜੁੱਧ ਵਿਚ ਹੰਭਦੇ ਨਹੀਂ,
ਮੁਕ ਗਏ ਖਜ਼ਾਨੇ ਸਾਡੇ ਕੋਤਲਾਂ ਨੂੰ ਪਾਲਕੇ।
ਮੁੱਠ ਮੁੱਠ ਛੋਲਿਆਂ ਤੇ ਜਾਨ ਪਏ ਵਾਰਦੇ ਨੇ,
ਵੇਖੋ ਅਸੀਂ ਉੱਜੜੇ ਹਾਂ ਬੱਕਰੇ ਖਵਾਲਕੇ ?
ਅੱਗੋਂ ਇਹ ਜਵਾਬ ਦਿਤਾ ਰਾਜੇ ਅਜਮੇਰ ਚੰਦ,
ਲੰਮੇ ਸਾਰੇ ਹਾਉਕੇ ਲੈ ਤਨ ਮਨ ਜਾਲਕੇ।
'ਕੀ ਮੈਂ ਦਸਾਂ ਖਾਂ ਸਾਹਿਬ ! ਇਹਨਾਂ ਨੂੰ ਕੀਕਰ ਦਿਤਾ,
ਪੰਜ ਪੰਜ ਘੁੱਟ ਪਾਣੀ ਗੁਰੂ ਨੇ ਪਿਆਲਕੇ ?
'ਚਾੜ੍ਹ ਦਿਤੀ ਪਾਣ ਕੋਈ ਜੱਗ ਕੋਲੋਂ ਵੱਖਰੀ ਹੀ,
ਤਿੱਖ ਜਿਹਾ ਖੰਡਾ ਵਿਚ ਲੋਹੇ ਦਾ ਹੰਗਾਲਕੇ।'
'ਸ਼ਰਫ਼' ਅਜੇ ਵੇਖਿਆ ਕੀ ਜੋਸ਼ ਹੈ ਤੂੰ ਸੂਰਿਆਂ ਦਾ,
ਛੋਲਿਆਂ ਦੇ ਵਾਂਗ ਫੌਜਾਂ ਜਾਣਕੇ ਉਬਾਲਕੇ।

ਬਿਜਲੀ ਬਣਕੇ ਰਣ ਵਿਚ ਲਿਸ਼ਕੀ,
ਬੱਦਲ ਬਣਕੇ ਕੜਕੀ !

ਬਸਤੇ ਵਾਲੇ ਨਿਕਲ ਮਿਆਨੋਂ ਮੇਰੀ ਕਲਮ ਪਿਆਰੀ।
ਕਰੀਂ ਮੁਹਿਮ ਮਿਠੀ ਸਰਸਾਰੀ ਬਣ ਗਈ ਸਿਰ ਤੇ ਭਾਰੀ।
ਦਲ ਅੱਖਰ ਨੇ ਚੜ੍ਹ ਚੜ੍ਹ ਆਏ ਤੂੰ ਹੈਂ ਇਕ ਵਿਚਾਰੀ।
ਕਲਗੀਧਰ ਦੀ ਤੇਗੋਂ ਲੈ ਗੁਣ ਬਣ ਜਾਂ ਤੇਗ ਦੁਧਾਰੀ।
ਨਿੱਕੇ ਨਿੱਕੇ ਹੱਥ ਅਜੇਹੇ ਵਾਂਗ ਜੁਝਾਰ ਦਿਖਾਵੀਂ।
ਕਾਗਜ਼ ਉਤੇ ਸ਼ੇਅਰਾਂ ਵਾਲੇ ਸੱਥਰ ਚਾ ਵਿਛਾਵੀਂ।
ਦਸਮ ਗੁਰੂ ਜੀ ! ਤੇਗ ਤੇਰੀ ਦੀ ਕੀਕਰ ਸਿਫ਼ਤ ਸੁਣਾਵਾਂ।
ਦੀਪ ਕੋਰ ਇਹ ਜਿਧਰ ਪਹੁੰਚੀ ਸਾਂਭੇ ਪੁਤ ਨਾਂ ਮਾਵਾਂ।
ਸ਼ਹਿਨਸ਼ਾਹਾਂ ਦੇ ਹਿਰਦੇ ਡੋਲੇ ਇਹਦੀਆਂ ਵੇਖ ਅਦਾਵਾਂ।
'ਜ਼ੁਹੀਲ ਮਰੀਖ' ਅਕਾਸ਼ੋਂ ਕੰਬੇ ਵੇਖ ਇਹਦਾ ਪਰਛਾਵਾਂ।
ਸ਼ੀਸ਼ੇ ਅੰਦਰ ਇਹ 'ਪਦਮਾਵਤ' ਜੇਕਰ ਮੂੰਹ ਵਿਖਾਵੇ।
ਦਿਲ ਵੈਰੀ ਦਾ ਵਾਂਗਰ ਕੱਚ ਦੇ ਟੋਟੇ ਹੋ ਹੋ ਜਾਵੇ।
ਬਿਜਲੀ ਬਣਕੇ ਰਣ ਵਿਚ ਲਿਸ਼ਕੀ ਬੱਦਲ ਬਣਕੇ ਕੜਕੀ।
ਮੱਛੀ ਵਾਂਗੂੰ ਤੜਫੀ ਜਾ ਜਾ ਏਹ ਲੜਾਕੀ ਲੜਕੀ।
ਫੜਕੀ ਅੱਖ ਵੈਰੀ ਦੀ ਖੱਬੀ ਨਾਲੇ ਛਾਤੀ ਧੜਕੀ।
ਤਿੱਖੀ ਧਾਰੋਂ ਆਬ ਪਿਲਾਕੇ ਮੱਠੀ ਕੀਤੀ ਭੜਕੀ।
ਵਾਲ ਜਿਨੀ ਨਾਂ ਰੜਕੀ ਕਿਧਰੇ ਸਾਫ਼ ਸਰੀਰੋਂ ਨਿਕਲੀ।
ਵਿਚੇ ਹੀ ਲਾ ਗਈ ਲੀਕਾਂ ਰੱਤ ਨਾਂ ਚੀਰੋਂ ਨਿਕਲੀ।
ਝੰਮਣੀਆਂ ਦੇ ਵਾਂਗੂੰ ਟੇਢੀ ਬਾਂਕੇ ਵਾਰ ਚਲਾਵੇ।
ਸਿਰ ਫੌਜਾਂ ਦੇ ਝੰਬੇ ਐਸੀ ਫੁੱਟੀਆਂ ਵਾਂਗ ਉਡਾਵੇ।
ਚੱਲੇ ਕਲਮ ਰਬਾਣੀ ਬਣਕੇ ਕਿਸ ਤੋਂ ਮੋੜੀ ਜਾਵੇ ?
ਤਿੱਕੇ ਬੋਟੀ ਕਰ ਕਰ ਦੂਤੀ ਅੱਖਰ ਵਾਂਗ ਮਿਟਾਵੇ।

ਨਿੱਤਰ ਨਿੱਤਰ ਕਰੇ ਨਿਤਾਰੇ ਦੰਦਿਆਂ ਦੰਦਾਂ ਵਲੀ।
ਅਸ਼ਟ ਭੁਜੀ ਨੇ ਕਰ ਦਿਖਲਾਈਆਂ ਚਾਰੇ ਗੁੱਠਾਂ ਖਾਲੀ।
ਦਾਤਰੀਆਂ ਦੇ ਵਾਂਗੂ ਮੁੜ ਮੁੜ ਐਸੇ ਦੰਦ ਦਿਖਾਏ।
ਆਹੂ ਸੱਥਰ ਲਾਹ ਲਾਹ ਫੌਜਾਂ ਰਣ ਵਿਚ ਦੰਦੇ ਲਾਏ।
ਖੂੰਡੀ ਵਾਂਗੂ ਦੂਹਰੀ ਹੋ ਹੋ ਐਸੇ ਟੋਣੇ ਲਾਏ।
ਖਿਦੋ ਵਾਂਗੂ ਸੀਸ ਧੜਾਂ ਦੇ ਦਾਈਆਂ ਕੋਲ ਪੁਚਾਏ।
ਵਾਂਗ ਚੰਦਰਮਾਂ ਉਚੀ ਹੋ ਹੋ, ਜੇਹੀਆਂ ਚੋਭਾਂ ਲਾਈਆਂ।
'ਰੁਸਤਮ' ਵਰਗੇ ਕਬਰਾਂ ਵਿਚੋਂ ਲੱਗੇ ਪਾਣ ਦੁਹਾਈਆਂ।
ਅਮਟ-ਕੋਟ ਵਿਚ ਕੂੰਜਾਂ ਵਾਂਗੂ ਜਾ ਜਾ ਕੇ ਖੰਬ ਝਾੜੇ।
ਡੇਹਰਾਦੂਨ ਨਦੌਨ ਅੰਦਰ ਜਾ ਪਾਪੀ ਵੈਰੀ ਤਾੜੇ।
ਨਿਰਮੋਹ ਗੜ੍ਹ ਕਲਮੋਟਾ ਸਾੜੇ ਜੀਭੇਂ ਕੱਢ ਚੰਗਿਆੜੇ।
ਹੱਸ ਹੱਸਕੇ ਇਹ ਆਖਣ ਲੱਗੇ ਕਾਇਰ ਲਿੱਸੇ ਮਾੜੇ।
'ਗੁਰੂ ਗੋਬਿੰਦ ਸਿੰਘ ਖੂਬ ਬਣਾਯਾ ਏਕਤਾਈ ਦਾ ਮੰਦਰ।
ਤੇਗਾਂ ਦੇਵੀ ਪਰਗਟ ਕੀਤੀ ਵਾਹ ਅਨੰਦ ਪੁਰ ਅੰਦਰ।
ਚਮਕੀ ਵਿਚ ਚਮਕੌਰ ਅਜੇਹੀ ਲਾਲਾਂ ਪਰੀ ਸੁਾਣੀ।
ਉੱਛਲ ਉੱਛਲ ਕਰਦਾ ਗੱਲਾਂ ਗਿਰੀ ਨਦੀ ਦਾ ਪਾਣੀ।
ਲਾ ਰੱਤਾਂ ਦੇ ਝੱਟੇ ਕੀਤੀ ਰੋਪੜ ਤੀਕਣ ਘਾਣੀ।
ਇਕ ਇਕ ਜ਼ੱਰਾ ਖ਼ੁਦਰਾਣੇ ਤਕ ਪਾਵੇ ਪਿਆ ਕਹਾਣੀ।
ਅੰਤਰਿਆਂ ਦੀ ਦੇਵੀ ਬਣਕੇ ਕੀਤੇ ਕਿਤੇ ਉਤਾਰੇ।
ਕੇਸਗੜ੍ਹ ਵਿਚ ਪਰਗਟ ਕੀਤੇ ਸੁੰਦਰ ਪੰਜ ਪਿਆਰੇ।
ਮਾੜੇ ਦੀ ਇਹ ਦਰਦਣ ਬਣਕੇ ਦੁਖ ਵੰਡਾਵਣ ਆਈ।
ਚੋਭਾਂ ਲਾ ਲਾ ਸੁਤੇ ਸ਼ੇਰ ਜਗਾਵਣ ਆਈ।
ਪਾਪ ਜ਼ੁਲਮ ਨੂੰ ਸਾਹਵੀਂ ਹੋ ਹੋ ਹੱਥ ਵਿਖਾਉਣ ਆਈ।
ਤੋੜ ਤਿੜਾਂ ਨੂੰ ਨਾਲ ਨਵ੍ਹਾਂ ਦੇ ਜੜ੍ਹਾਂ ਗਵਾਵਣ ਆਈ।
ਤੇਗ ਤੇਰੀ ਨੇ ਕਲਗੀਧਰ ਜੀ! ਅਰਸ਼ੀ ਧੁੰਮਾਂ ਪਾਈਆਂ।
ਜਦਇਹ ਲਿਖਿਆ'ਸ਼ਰਫ਼'ਕਸੀਦਾ ਹੂਰਾਂਵੇਖਣਆਈਆਂ।

ਮੈਂ ਤਾਂ ਰਾਜਾ ਅਵਤਾਰਾਂ ਦਾ ਆਖਦਾ ਹਾਂ !

ਚਾਦਰ ਵੇਖ ਤੁਕਾਂਤ ਦੀ ਨਿਕੀ ਜੇਹੀ,
ਮੇਰੀ ਨਜ਼ਮ ਨੇ ਪੈਰ ਸੰਗੋੜ ਦਿਤੇ।
ਜਿਹੜੇ ਆਏ ਖਿਆਲ ਸਨ ਅਰਸ਼ ਉਤੋਂ,
ਹਾੜੇ ਘੱਤਕੇ ਪਿਛਾਂ ਨੂੰ ਹੋੜ ਦਿਤੇ।
ਲੋੜ੍ਹ ਕੋੜ੍ਹ ਤੇ ਰੋੜ੍ਹ ਤੇ ਥੋੜ ਵਾਲੇ,
ਗੈਰ ਕਾਫ਼ੀਏ ਸਮਝਕੇ ਛੋੜ ਦਿਤੇ।
ਨਾਲੇ ਭੌਂ ਨਾ ਲੇਖ ਦੀ ਪੱਧਰੀ ਸੀ,
ਮੇਰੀ ਕਲਮ ਦੇ ਪੈਰ ਮਚਕੋੜ ਦਿਤੇ।
ਕਹਿਣੀ ਸਿਫ਼ਤ ਸੀ ਫੁੱਲ ਦਸ਼ਮੇਸ਼ ਦੀ ਮੈਂ,
ਲੋਕਾਂ ਹੋਰ ਹੀ, ਛਾਪੇ ਚਮੋੜ ਦਿਤੇ।
ਸਚ ਪੁਛੋਂ ਤੇ ਏਸ ਸਮੱਸਿਆ ਨੇ,
ਮੇਰੇ ਕੀਮਤੀ ਲਾਲ ਤਰੋੜ ਦਿਤੇ।
ਪੰਜਾਂ ਅੱਖਰਾਂ ਤੇ ਦੋਹਾਂ ਬਿੰਦੀਆਂ ਨੂੰ,
ਜਦੋਂ ਸੱਤ ਕਰਤਾਰ ਸਜਾਉਣ ਲੱਗੇ।
ਸੱਤੀਂ ਅੰਬਰੀਂ ਚਮਕਕੇ ਸੱਤ ਤਾਰੇ;
ਸ਼ਰਧਾ ਨਾਲ ਦਿਵਾਲੀ ਜਗਾਉਣ ਲੱਗੇ।
ਸੱਤਾਂ ਸੁਰਾਂ ਸੁਹਾਗ ਦੇ ਗਾਵੇਂ ਸੋਹਲੇ,
'ਸ਼ਿਵਜੀ' ਖੁਸ਼ੀ ਵਿਚ ਡੌਰੂ ਵਜਾਉਣ ਲੱਗੇ।
ਸੱਤਾਂ ਜ਼ਿਮੀਆਂ ਦੇ ਜਾਗ ਪਏ ਭਾਗ ਸੁੱਤੇ,
ਸਤਵੀਂ ਪੋਹੋਂ ਗੋਬਿੰਦ ਸਿੰਘ ਆਉਣ ਲੱਗੇ।

ਜਲਵੇ ਸੁਟਕੇ ਦਯਾ ਤੇ ਧਰਮ ਵਾਲੇ,
ਪਾਪ ਜੜ੍ਹਾਂ ਤੋਂ ਪਕੜ ਘਰੋੜ ਦਿਤੇ।
ਤਿੱਖੀ ਖੰਡੇ ਦੀ ਧਾਰ ਵਿਖਾਲ ਇਕੋ,
ਬਾਈਆਂ ਧਾਰਾਂ ਦੇ ਲੱਕ ਤਰੋੜ ਦਿਤੇ।
ਤੇਗਾਂ-ਦੇਵੀ ਨੇ ਆਣਕੇ ਅੰਬਰਾਂ ਤੋਂ,
ਕਲਗੀ ਵਾਲਿਆ! ਦੇਣੇ ਸਨ ਵਰ ਤੈਨੂੰ।
ਤਦੇ ਰੱਬ ਨੇ ਘਲਿਆ ਜੱਗ ਉਤੇ,
ਗੁਰੂ ਤੇਗ ਬਹਾਦਰ ਦੇ ਘਰ ਤੈਨੂੰ।
ਮੈਂ ਤਾਂ ਰਾਜਾ ਅਵਤਾਰਾਂ ਦਾ ਆਖਦਾ ਹਾਂ;
ਪਿਆ ਜੱਗ ਆਖੇ ਕਲਗੀਧਰ ਤੈਨੂੰ।
ਤੇਰੇ ਨਾਲ ਜਦ ਵਾਹਿਗੁਰੂ ਆਪ ਹੈਸੀ,
ਫੇਰ ਕਿਸੇ ਦਾ ਹੁੰਦਾ ਕੀ ਡਰ ਤੈਨੂੰ।
ਵਗਕੇ ਤੇਰੇ ਹਿਮਾਇਤੀ ਨਾਲਿਆਂ ਨੇ,
ਬੇੜੇ ਦੁਸ਼ਮਣਾਂ ਦੇ ਰਣ ਵਿਚ ਬੋੜ ਦਿਤੇ।
ਤੇਰੇ ਸੂਰਿਆਂ ਨੇ ਸੀਸ ਹਾਥੀਆਂ ਦੇ,
ਵਾਂਗ ਟਿੰਡਾਂ ਦੇ ਭੰਨ ਤਰੋੜ ਦਿਤੇ।
ਕਲਗੀ ਸਜੀ ਯਾ ਨਿਕਲੀਆਂ ਹੈਣ ਕਿਰਨਾਂ,
ਸੂਰਜ ਮੁੱਖੜਾ ਬਣਿਆਂ ਹਜ਼ੂਰ ਦਾ ਏ।
ਅੱਖਾਂ ਵੇਖਕੇ ਠੰਢੀਆਂ ਹੁੰਦੀਆਂ ਨੇ,
ਯਾ ਫੁਹਾਰਾ ਕੋਈ ਛੁਟਿਆ ਨੂਰ ਦਾ ਏ।
ਯਾ ਇਹ ਸ਼ਾਹੀ ਦਿਮਾਗ ਦੇ ਸ਼ਬਦ ਵਿਚੋਂ,
ਸਿੱਟਾ ਨਿਕਲਿਆ ਅਕਲ ਸ਼ਊਰ ਦਾ ਏ।
ਬੈਠਾ ਹੋਯਾ ਹੁਮਾ ਯਾਂ ਸੀਸ ਉਤੇ,
ਸੜਨ ਵਾਲਿਆਂ ਨੂੰ ਪਿਆ ਘੂਰਦਾ ਏ।
ਤੇਰੇ ਨੀਲੇ ਨੇ ਚਮਕ ਚਮਕੌਰ ਅੰਦਰ,
ਭੌਰ ਤਾਜ਼ੀਆਂ ਦੇ ਬੂਥੇ ਮੋੜ ਦਿਤੇ।

ਤੇਰੀ ਤੇਗ ਨੇ ਚੰਨ ਦੁ-ਖੰਨ ਕੀਤੇ,
ਤੇਰੇ ਤੀਰਾਂ ਨੇ ਤਾਰੇ ਤਰੋੜ ਦਿਤੇ।
ਹੱਕ ਖੋਹ ਖੋਹ ਰੰਡੀਆਂ ਰੁੜ੍ਹੀਆਂ ਦੇ,
ਜਿਹੜੇ ਆਪਣੇ ਘਰਾਂ ਵਿਚ ਵਾੜਦੇ ਸਨ।
ਤੇਰੇ ਸੁੰਦਰ ਪ੍ਰਸ਼ਾਦੀ ਦੇ ਵਲ ਜਿਹੜੇ,
ਕਰ ਕਰ ਕੈਰੀਆਂ ਅੱਖੀਆਂ ਤਾੜਦੇ ਸਨ।
ਜਬਰ ਈਰਖਾ ਦੇ ਨਸ਼ੇ ਵਿਚ ਗੁੱਤੇ,
ਜਿਹੜੇ ਪਲਕ ਨਾ ਕਦੀ ਉਘਾੜਦੇ ਸਨ।
ਆਰੀ ਜ਼ੁਲਮ ਦੀ ਪਕੜਕੇ ਹਥ ਅੰਦਰ,
ਜਿਹੜੇ ਅਦਲ ਦਾ ਬਾਗ ਉਜਾੜਦੇ ਸਨ।
ਤੇਗ ਸੂਤਕੇ ਕੀਤੇ ਉਹ ਸੂਤ ਸਾਰੇ,
ਫੜਕੇ ਅੱਟੀ ਦੇ ਵਾਂਗ ਮਰੋੜ ਦਿਤੇ।
ਜਿਹੜੇ ਸੰਗਲ ਗੁਲਾਮੀ ਦੇ ਪਏ ਹੋਇ ਸਨ,
ਕੱਚੀ ਤੰਦ ਦੇ ਵਾਂਗ ਤਰੋੜ ਦਿਤੇ।
ਇਕ ਦਿਨ ਕਿਹਾ ਦਸਮੇਸ਼ ਦੀ ਮੂਰਤੀ ਨੂੰ:-
ਇਹਦੇ ਅਰਥ ਤਾਂ ਮੈਨੂੰ ਸਮਝਾ ਦੇਣਾ।
ਕਦੀ ਭਗਤ ਬਣਨਾ, ਕਦੀ ਲੁਕ ਜਾਣਾ,
ਕਦੀ ਗੁਰੂ ਬਣਕੇ ਦਰਸ਼ਨ ਆ ਦੇਣਾ ?'
ਕਿਹਾ ਆਪ ਨੇ:-ਸੁਣੀਂ ਤੂੰ ਮੂਰਖਾ ਓ,
ਮੇਰੀ ਸੰਗਤ ਨੂੰ ਨਾਲੇ ਸੁਣਾ ਦੇਣਾ।
ਸੂਰਜ ਵਾਂਗ ਉਹ ਡੁੱਬਦੇ ਨਿਕਲਦੇ ਨੇ,
ਜਿਨ੍ਹਾਂ ਹੋਵੇ ਹਨੇਰ ਮਿਟਾ ਦੇਣਾ।
ਬੁੱਧੂ ਸ਼ਾਹ ਵਾਂਗੂ ਜਿਨ੍ਹਾਂ ਪੁੱਤ ਵਾਰੇ,
ਸਣੇ ਕੁਲਾਂ ਉਹ ਤਾਰ--ਸਨਤੋੜ ਦਿਤੇ।
ਕਾਲ ਖ਼ਾਂ ਵਾਂਗੂ ਹੋ ਗਏ ਮੂੰਹ ਕਾਲੇ,
ਕਰਕੇ ਜਿਨ੍ਹਾਂ ਇਕਰਾਰ ਤਰੋੜ ਦਿਤੇ।

ਰਾਮ ਰਾਵਨ ਦਾ ਜੁੱਧ ਭੀ ਹੋਇਆ ਐਸਾ,
ਪਰਲੋ ਤੀਕ ਨਹੀਂ ਕਦੇ ਭੁਲਾਉਣ ਵਾਲਾ।
ਮਹਾਭਾਰਤ ਦਾ ਨਕਸ਼ਾ ਭੀ ਜੱਗ ਉਤੋਂ,
ਕੋਈ ਨਹੀਂ ਜੰਮਿਆਂ ਅਜੇ ਮਿਟਾਉਣ ਵਾਲਾ।
ਜੇਕਰ ਕੀੜੇ ਨੂੰ ਵੇਖੀਏ ਗਹੁ ਕਰਕੇ,
ਉਹ ਭੀ ਆਪੇ ਲਇ। ਜਾਨ ਗਵਾਉਣ ਵਾਲਾ।
ਐਪਰ ਕਿਸੇ ਦੇ ਦੁੱਖ ਤੇ ਸੁੱਖ ਬਦਲੇ,
ਡਿਠਾ ਤੈਨੂੰ ਹੀ ਬੰਸ ਲੁਟਾਉਣ ਵਾਲਾ।
ਸ਼ਿਵਜੀ ਗੰਗਾਂ ਵਗਾਈ ਸੀ ਲਿਟਾਂ ਵਿਚੋਂ,
ਤੁਸਾਂ ਖੰਡੇ ਚੋਂ ਅੰਮ੍ਰਿਤ ਨਿਚੋੜ ਦਿਤੇ।
ਚਿੜਕੇ ਆਨ ਉਤੋਂ ਚਿੜੀਆਂ ਤੇਰੀਆਂ ਨੇ,
ਫੜਕੇ ਬਾਜਾਂ ਦੇ ਪਹੁੰਚੇ ਤਰੋੜ ਦਿਤੇ।
ਪੀਰਾ-ਉਚ-ਦਿਆ ਦਿਲਾਂਵਿਚ ਰੁਚਦਿਆ ਵੇ,
ਰਿਧੀ ਸਿਧੀ ਅਚਰਜ ਵਿਖਾ ਗਿਓਂ।
ਕਿਤੇ ਘਾਟ ਨਗੀਨੇ ਬਣਾ ਦਿਤੇ,
ਕਿਤੇ ਬੰਦੇ ਬਹਾਦਰ ਬਣਾ ਗਿਓਂ।
ਕਲਮਾਂ ਸਿੱਧੀਆਂ ਪੁੱਠੀਆਂ ਵਾਹ ਕੇ ਤੇ,
ਕਿਤੇ ਗੁਰੂ ਦੀ ਕਾਂਸ਼ੀ ਸਜਾ ਗਿਓਂ।
ਖੰਡੇ ਨਾਲ ਉਖੇੜ ਕੇ ਤਿੜ ਕਿਧਰੇ,
ਜੜ੍ਹ ਜ਼ੁਲਮ ਦੀ ਮੁਢੋਂ ਉਡਾ ਗਿਓਂ।
ਨਵਾਂ ਦਿਨਾਂ ਤੇ ਨਵਾਂ ਮਹੀਨਿਆਂ ਵਿਚ,
ਕਿਧਰੇ ਸ਼ਬਦ ਗਰੰਥ ਦੇ ਜੋੜ ਦਿਤੇ।
ਧੀਰ ਮਲ ਜਹੇ 'ਸ਼ਰਫ' ਗੁਮਾਨੀਆਂ ਦੇ,
ਸਾਰੇ ਕਿਬਰ ਹੰਕਾਰ ਤਰੋੜ ਦਿਤੇ।

ਘੋੜਾ ਬਾਜ਼ ਤੇ ਬਾਨ, ਕਮਾਨ ਖੰਡਾ !

ਸ਼ੁਭ ਵਾਰ ਸੀ ਜਦੋਂ ਦਸ਼ਮੇਸ਼ ਸਾਡੇ,
ਤੁਸੀਂ ਜਗਤ ਅੰਦਰ ਫੇਰਾ ਪੌਣ ਆਏ।
ਮਾਤਾ ਪਿਤਾ ਦੇ ਕਾਲਜੇ ਠੰਢ ਪਾਕੇ,
ਭਾਂਬੜ ਪਾਪ ਦੇ ਨਾਲੇ ਬੁਝੌਣ ਆਏ।
ਨੌਵਾਂ ਗੁਰੂਆਂ ਦੀ ਨੌਵੇਂ ਹੀ ਵਰ੍ਹੇ ਅੰਦਰ,
ਤੁਸੀਂ ਬਲ ਤੇ ਸ਼ਕਤੀ ਵਿਖੌਣ ਆਏ।
ਔਂਦੀ ਨਾਂ ਜਿਨ੍ਹਾਂ ਦੇ ਅਥਰੂ ਖੂਭਦਾ ਸੀ;
ਤੁਸੀਂ ਓਨਾਂ ਨੂੰ ਖਿੜ ਖਿੜ ਹਸੌਣ ਆਏ।

ਬੰਸ ਆਪਣਾ ਸਾਰਾ ਉਜਾੜ ਕੇ ਤੇ,
ਉੱਜੜ ਗਿਆਂ ਨੂੰ ਤੁਸੀਂ ਵਸੌਣ ਆਏ।
ਕਲਗੀਧਰ ਜੋ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲੌਣ ਆਏ।

ਪੱਥਰ ਚਿੱਤ ਪਹਾੜ ਦੇ ਰਾਜਿਆਂ ਨੇ;
ਕਿਤੇ ਚਾਕ ਸਨ ਗਿਰੇਬਾਂ ਜੇਬ ਕੀਤੇ।
ਕਿਤੇ ਜ਼ਾਲਮ ਮਸੰਦਾਂ ਨੇ ਨਾਲ ਸਿੰਘਾਂ,
ਲਖਾਂ ਜ਼ੁਲਮ ਤੇ ਦਗੇ ਫਰੇਬ ਕੀਤੇ।

ਕਿਤੇ ਦਾਰਾ ਜਹੇ ਖ਼ੂਨ ਵਿਚ ਹਥ ਭਰਕੇ,
ਔਰੰਗਜ਼ੇਬ ਸਨ ਰੰਗ, ਬੇਜ਼ੇਬ ਕੀਤੇ।
ਸਾਯਾ ਪਾਯਾ ਸੀ ਆਣਕੇ ਤੁਸਾਂ ਐਸਾ,
ਜਾਦੂਗਰਾਂ ਦੇ ਦੂਰ ਆਸੇਬ ਕੀਤੇ।

ਦੀਨਾਂ ਬੰਧੂ ਜੀ ! ਜ਼ੁਲਮ ਦੇ ਬੰਧਨਾਂ ਚੋਂ,
ਫਸਿਆਂ ਹੋਇਆਂ ਨੂੰ ਤੁਸੀਂ ਛਡੌਣ ਆਏ।
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲੌਣ ਆਏ।

ਘੋੜਾ, ਬਾਜ ਤੇ ਬਾਨ, ਕਮਾਨ, ਖੰਡਾ,
ਹੋਏ ਕੁਦਰਤੋਂ ਆਪ ਨੂੰ ਦਾਨ ਪੰਜੇ।
ਧਰਮ, ਸਿਦਕ, ਸਚਾਈ ਤੇ ਆਨ, ਸਿੱਖੀ,
ਪੰਜੇ ਸਾਹਿਬ ਸਨ ਜੋੜੇ ਨਿਸ਼ਾਨ ਪੰਜੇ।
ਟੁਕੜੇ ਜਿਗਰ ਦੇ ਚਾਰ ਤੇ ਪਿਤਾ ਪੰਜਵੇਂ,
ਓਨ੍ਹਾਂ ਵਾਸਤੇ ਕੀਤੇ ਕੁਰਬਾਨ ਪੰਜੇ।
ਪੰਜ ਤੱਤ ਦੇ ਅਰਥ ਇਹ ਤੁਸਾਂ ਦੱਸੇ,
ਕੱਕੇ ਪੰਥ ਨੂੰ ਕੀਤੇ ਪਰਦਾਨ ਪੰਜੇ।

ਧਰਮ ਨੇਮ, ਪ੍ਰੇਮ ਦੀ ਜੋਤ ਲੈ ਕੇ
ਤੁਸੀਂ ਸਿਖੀ ਦਾ ਸ਼ਮਾਂ ਜਗੌਣ ਆਏ।
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ
ਰੁੜ੍ਹਦੇ ਬੇੜਿਆਂ ਨੂੰ ਬੰਨੇ ਲੌਣ ਆਏ।

ਡੱਲਾ ਵੇਖਕੇ ਕਿਤੇ ਨਿਗਾਹ ਤੇਰੀ,
ਸਣੇ ਕਿਬਰ ਹੰਕਾਰ ਬਲਿਹਾਰ ਹੋਯਾ।
ਮਾਰਨ ਆਯਾ ਤੇ ਮਰ ਗਿਆ ਆਪ ਕਿਧਰੇ,
ਜ਼ਖਮੀ ਤੇਗ ਬਿਨਾ ਸਿਪਹ ਸਾਲਾਰ ਹੋਯਾ।

ਲਿਆਂਦਾ ਇੱਕ ਤੇ ਭਰੇ ਦਰਿਆ ਵੇਖੇ,
"ਹੀਰਾ" ਘਾਟ ਤੇ ਕੋਈ ਸ਼ਿਕਾਰ ਹੋਯਾ।
ਬਿਨਾਂ ਉੱਕਿਆਂ, ਉੱਕਾ ਈ ਦਿਲ ਵਿੱਧਾ,
ਜਿੱਧਰ ਸੁੰਦਰ ਨਿਗਾਹ ਦਾ ਵਾਰ ਹੋਯਾ।

ਏਥੇ ਤੀਰ, ਤਲਵਾਰ ਦਾ ਕੰਮ ਕੀ ਸੀ,
ਤੁਸੀਂ ਨੈਣਾਂ ਦੇ ਬਾਨ ਚਲੌਣ ਆਏ।
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲੌਣ ਆਏ।

ਛੱਟੇ ਅੰਮ੍ਰਿਤ ਦੇ ਮਾਰਕੇ ਠੰਢ ਪਾਈ,
ਜੇੜ੍ਹੀਆਂ ਨਿੱਤਦੀਆਂ ਹਿਕਾਂ ਸੜਦੀਆਂ ਸਨ।
ਚਿੜਕੇ ਆਨ ਤੋਂ ਬਾਜਾਂ ਦੇ ਨਾਲ ਚਿੜੀਆਂ,
ਬਾਜੀ ਲੌਂਦੀਆਂ ਸੀਸ ਤੇ ਧੜ ਦੀਆਂ ਸਨ।
ਜਾਨਾਂ ਕੱਲੀਆਂ ਕੱਲੀਆਂ ਰਣ ਅੰਦਰ,
ਸਵਾ ਲੱਖ ਦੇ ਨਾਲ ਜਾ ਲੜਦੀਆਂ ਸਨ।
ਖਾ ਕੇ ਭਾਂਜ ਤੇ ਫ਼ੌਜਾਂ ਗ਼ਨੀਮ ਦੀਆਂ,
ਅੱਗੇ ਸ਼ੇਰਾਂ ਦੇ ਜ਼ਰਾ ਨਾ ਅੜਦੀਆਂ ਸਨ।

ਸਾਗਰ ਸ਼ਕਤੀ ਦੇ ਖਿਜ਼ਰ-ਖ੍ਵਾਜ ਬਨਕੇ,
ਤੁਸੀਂ ਸਿੰਘਾਂ ਨੂੰ ਅੰਮ੍ਰਿਤ ਛਕੌਣ ਆਏ।
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲੌਣ ਆਏ।

ਬਾਲ ਗਏ ਓਹ ਸ਼ਮਾਂ ਬਹਾਦਰੀ ਦੀ,
ਭੀਮਸੈਣ ਵਾਂਗੂ ਅਰਜਨ ਬਲੀ ਵਾਂਗੂ।
ਆਦਰ ਭਾ ਦੀ ਚਾਦਰ ਬਣਾ ਦਿਤੀ,
ਵਗ ਵਗਕੇ ਸੂਤ ਦੀ ਨਲੀ ਵਾਂਗੂ।

ਬੁੱਲੇ ਦਾਨ ਦੇ ਐਸੇ ਵਗਾ ਦਿਤੇ,
ਹਰੀ ਚੰਦ ਵਾਂਗੂ, ਹਜ਼ਰਤ ਅਲੀ ਵਾਂਗੂ।
ਖ਼ਾਨਦਾਨਾਂ ਦੇ ਖ਼ਾਨਦਾਂ 'ਫੁਲ' ਬਣ ਗਏ,
ਕਿਸਮਤ ਬੰਦ ਸੀ ਜਿਨ੍ਹਾਂ ਦੀ ਕਲੀ ਵਾਂਗੂ।

ਤੁਸਾਂ 'ਮਖਣ' ਚੁਰਾਕੇ ਨਹੀਂ ਖਾਧਾ,
ਸਗੋਂ ਲੋਕਾਂ ਨੂੰ ਮਖਣ ਖੁਔਣ ਆਏ।
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜਦੇ ਬੇੜਿਆਂ ਨੂੰ ਬੰਨੇ ਲੌਣ ਆਏ।

ਪਰਲੋ ਤੀਕ ਨਾ ਪੰਥ ਤੋਂ ਲਥਣਾ ਏਂ,
ਜੇੜ੍ਹਾ ਵਾਹਦਤ ਦਾ ਰੰਗ ਚੜ੍ਹਾ ਗਏ।
ਸਾਡੇ ਪਿਛੋ ਨਾ ਬਣੇ ਸਮਾਧ ਸਾਡੀ,
ਜਾਣ ਲਗੇ ਇਹੋ ਹੁਕਮ ਫਰਮਾ ਗਏ।
ਮਤਾਂ ਲੋਕ ਸਮਾਧ ਦੀ ਕਰਨ ਪੂਜਾ,
ਜਦੋਂ ਸ਼ਰਧਾ ਦੇ ਜੋਸ਼ ਵਿਚ ਆ ਗਏ।
ਸਦਕੇ ਜਾਂ ਮੈਂ ਗੁਰੂ ਜੀ ਤੁਸੀਂ ਵਾਹ ਵਾਹ,
ਇਕੋਂਕਾਰ ਦੇ ਅਰਥ ਸਮਝਾ ਗਏ।

'ਸ਼ਰਫ਼' ਦੁਸ਼ਮਣੀ ਕਿਸੇ ਦੇ ਨਾਲ ਨਹੀਂ ਸੀ,
ਤੁਸੀਂ ਪਾਪ ਤੇ ਜ਼ੁਲਮ ਮਿਟੌਣ ਆਏ।
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜਦੇ ਬੇੜਿਆਂ ਨੂੰ ਬੰਨੇ ਲੌਣ ਆਏ।

ਮੈਂ ਸੁਤਾ ਤੇ ਕਿਸਮਤ ਜਾਗੀ !

ਕੀ ਆਖਾਂ ਅਜ ਰਾਤੀ ਜਿਹੜੇ ਦਿਤੇ ਗਮਾਂ ਹੁਲਾਰੇ।
ਉੱਘੜ ਆਏ ਹਰਫਾਂ ਵਾਂਗੂੰ ਦਾਗ ਜਿਗਰ ਦੇ ਸਾਰੇ।
ਅੰਬਰ ਉਤੋਂ ਅੱਖਾਂ ਕਢ ਕਢ ਘੂਰਨ ਲਗੇ ਤਾਰੇ।
ਦਿਲ ਦੇ ਅੰਦਰ ਚੋਭਾਂ ਪਈਆਂ ਗੁੱਝੇ ਨੇਜ਼ੇ ਮਾਰੇ।
ਰਾਹ ਅੰਬਰਦਾ ਨਜ਼ਰੀਂ ਆਯਾ ਨਿਕਲੀ ਤੇਗ ਮਿਆਨੋਂ।
ਲਗੀ ਲਗ ਗਈ ਕਰ ਘਾਇਲ ਛਡ ਗਈ ਪਰ ਜਾਨੋਂ।

ਅਰਸ਼ਾਂ ਉਤੋਂ ਮੰਗਲ ਤਾਰੇ ਖੂਨੀ ਸ਼ਕਲ ਦਿਖਾਈ।
ਟੁਟ ਸ਼ਹਾਬ ਡਿਗੇ ਅਸਮਾਨੋਂ ਅੱਖੀਂ ਅੱਗ ਵਗਾਈ।
ਨਾੜਾਂ ਵਾਂਗੂੰ ਨਾੜਾਂ ਸੜੀਆਂ, ਲੂੰ ਲੂੰ ਨੂੰ ਅਗ ਲਗਾਈ।
ਪਾਕੇ ਤੇਲ, ਤਰੇਲ ਹੰਝੂ ਦਾ ਬਲਦੀ ਹੋਰ ਮਚਾਈ।
ਵਾ ਠੰਢੀ ਦੇ ਬੁੱਲੇ ਵਗ ਵਗ ਰਮਜ਼ਾਂ ਖੋਲ੍ਹਨ ਲਗੇ।
ਦਬੀ ਹੋਈ ਅਗ ਸੀਨੇ ਦੀ ਸਾਰੀ ਫੋਲਣ ਲੱਗੇ।

ਸਾੜ ਪੁਰਾਣੇ, ਅੱਗ ਨਵੀਂ ਨੇ ਤਨ ਮਨ ਲਾਂਬੂ ਬਾਲੇ।
ਲਾਲਾ ਵਾਂਗੂੰ ਦਾਗ ਲਗਾਏ ਦਿਲ ਵਿਚ ਕਾਲੇ ਕਾਲੇ।
ਘਾ ਸੀਨੇ ਦੇ ਅੱਲ੍ਹੇ, ਛਿੱਲੇ, ਤੱੜੇ ਕਰੇ ਛਾਲੇ।
ਤੜਫਨ ਲਗਾ ਯਾਦ ਆਏ ਜਦ, ਝੂਠਿਆਂ ਕੌਲਾਂ ਵਾਲੇ।
ਬੇ-ਵਸ ਹੋਇਆ ਆਖ਼ਰ ਰੋਸਿਆ, ਵੱਸ ਨਾ ਰਿਹਾ ਮੇਰੇ !
ਕੂੜੂ ਕੂੜੂ ਕੇ ਮੈਂ ਸਿੱਟੇ ਵਾਂਗੂੰ, ਦਾਣੇ ਹੰਝੂ ਕੇਰੇ !

ਮੈਂ ਅਣਤਾਰੂ ਤਰਨ ਨਾ ਜਾਣਾ, ਰੋਹੜ ਹੰਝੂ ਦਾ ਆਯਾ !
ਡੂੰਘਿਆਂ ਵਣਾਂ ਆਕੇ ਮੈਨੂੰ, ਡੂੰਘੇ ਵਹਿਣ ਡੁਬਾਯਾ !
ਦਿਲ ਘਟਿਆ ਤੇ ਵਧੀ ਬੇਹੋਸ਼ੀ, ਡੋਬ ਡੋਬਾਂ ਵਿਖਾਯਾ !
ਰੁੜ੍ਹਿਆ ਜਾਂਦਾ ਗ਼ੋਤੇ ਖਾਂਦਾ ਮੌਜਾਂ ਮਾਰ ਮੁਕਾਯਾ !

ਬੁਲਬੁਲਿਆਂ ਦੇ ਵਾਂਗੂ ਆਖਿਰ, ਬੇੜਾ ਮੇਰਾ ਟੁਟਿਆ।
ਰੂਹ ਜਾ ਲੱਗਾ ਬੰਨੇ ਉਤੇ, ਬੁਤ ਪਾਣੀ ਵਿੱਚ ਸੁਟਿਆ।
ਬੇ-ਦਰਦਾਂ ਦੀ ਗ਼ਫ਼ਲਤ ਆਕੇ ਦੀਦੇ ਮੇਰ ਘੁੱਟੇ।
ਅੱਖਾਂ ਵਾਲੀਆਂ ਬਾਰੀਆਂ ਉੱਤੇ ਨੀਂਦਰ ਪਰਦੇ ਸੁੱਟੇ।
ਰੂਹ ਸੈਲਾਨੀ ਸੁਫਨੇ ਅੰਦਰ, ਉਡ ਉਡ ਬੁੱਲੇ ਲੁੱਟੇ।
ਖੱਟੇ ਪੈ ਕੇ ਚਾਕ ਪਏ ਸਨ, ਮੇਰੇ ਲੇਖ ਨਿਖੁੱਟੇ।
ਮੈਂ ਸੁੱਤਾ ਤੇ ਕਿਸਮਤ ਜਾਗੀ, ਡਿੱਠਾ ਅਜਬ ਨਜ਼ਾਰਾ।
ਖੁੱਲ੍ਹੇ ਬੂਹ ਸੁਰਗਾਂ ਅੰਦਰ, ਵੜਿਆ ਔਗਣਹਾਰਾ।
ਲੱਗਾ ਇਕ ਦੀਵਾਨ ਡਿੱਠਾ ਮੈਂ ਜਗਮਗ ਜਗਮਗ ਕਰਦਾ।
ਸੂਰਜ ਚੰਦਰ ਅਦਨਾ ਬਰਦਾ, ਉਸ ਨੂਰਾਨੀ ਦਰ ਦਾ।
ਜਾ ਬੈਠਾ ਇਕ ਪਾਸੇ ਹੋਕੇ ਮੈਂ ਭੀ ਡਰਦਾ ਡਰਦਾ।
ਐਨੇ ਅੰਦਰ ਦਰਸ਼ਨ ਹੋਯਾ ਮੈਨੂੰ ਕਲਗੀਧਰ ਦਾ।
ਕਲਗੀਧਰ ਮਹਾਰਾਜ ਪੁਕਾਰੇ 'ਬੁੱਧੂ ਸ਼ਾਹ' ਜੀ ਆਓ।
'ਸ਼ਰਫ' ਵਿਚਾਰੇ ਦੀ ਬਾਂਹਫੜ ਕੇ ਨਾਲ ਅੱਗੇ ਲੈ ਆਓ।
ਚਰਨਾਂ ਅੰਦਰ ਹਾਜ਼ਰ ਹੋਕੇ ਅਦਬੋ ਸੀਸ ਝੁਕਾਇਆ।
ਅੱਖੀਂ ਖ਼ਾਕ ਪਵਿਤ੍ਰ ਲਾਈ ਨੂਰ ਹਕੀਕੀ ਪਾਇਆ।
ਦੀਨਾਂ ਬੰਧੂ ਸਤਿਗੁਰ ਜੀ ਨੇ ਫੜਕੇ ਸੀਸ ਉਠਾਇਆ।
ਸੁੰਦਰ ਬੋਲ ਬੋਲਕੇ ਪ੍ਰੀਤਮ ਹਸ ਹਸ ਕੇ ਫਰਮਾਇਆ:-
'ਪਜਾਰੇਕਾਰਨ ਤੁਹਫਾ ਖੜਾਦਾਮਿਲਣ ਕੋਈ ਜਦ ਜਾਂਦਾ।
'ਦੁਨੀਆਂ ਵਿਚੋਂ ਸਾਡੇ ਬਦਲੇ ਤੂੰ ਕੀ ਤੁਹਫਾ ਆਂਦਾ ?'
ਨਿੰਮੂਝੂਣੇ ਨੀਵੀਂ ਅਖੀਂ ਹਥ ਬੰਨ੍ਹ ਅਰਜ ਗੁਜਾਰੀ:-
'ਜਗ ਵਿਚੋਂ ਕੀ ਤੁਹਫਾ ਲਿਔਂਦਾ ਪਜਾਰੇ ਪ੍ਰਉਪਕਾਰੀ।
'ਪਰ ਇਕ ਚੀਜ਼ ਲਿਆਂਦੀ ਹੈ ਮੈਂ ਜੇੜ੍ਹੀ ਤੁਹਾਨੂੰ ਪਜਾਰੀ।
'ਜੀਹਦੇ ਇਕ ਕਤਰੇ ਦੀ ਕੀਮਤ ਥੋੜ੍ਹੀ ਦੁਨੀਆਂ ਸਾਰੀ।
'ਖ਼ੂਨ ਸ਼ਹੀਦੀ ਜਥੇ ਦਾ ਮੈਂ ਭਰਕੇ ਪਜਾਲਾ ਲਿਆਂਦਾ।
ਕਲਗੀਧਰ ਜੀ ਵੇਖੋ ਬੇਸ਼ਕ ਜੇ ਹੈ ਵੇਖਿਆ ਜਾਂਦਾ।

ਕਲਗੀ ਵਾਲੇ ਜੀ ! ਆਪਦੇ ਨਾਮ ਉਤੋਂ !

ਹਾੜੇ ਸੁਣ ਸੁਣ ਕੇ ਦੁਖੀ ਬੰਦਿਆਂ ਦੇ,
ਦਯਾ ਕਰਨ ਤੇ ਜਦੋਂ ਕਰਤਾਰ ਹੋਇਆ।
'ਪਟਨੇ'ਸ਼ਹਿਰਵਿਚ ਕ੍ਰਿਪਾ ਦੀਲੈਹਰਆਈ,
ਵਿਚੋਂ 'ਲਾਲ' 'ਸੁਚਾ' ਪਦਾਵਾਰ ਹੋਇਆ।
'ਮਾਤਾ ਗੁਜਰੀ' ਨੂੰ ਦਾਈ ਨੇ ਆਖਿਆ ਏ,
ਤੁਹਾਡੇ ਘਰ ਕੋਈ 'ਅਵਤਾਰ' ਹੋਇਆ।
ਪਿਤਾ ਤੇਗ ਬਹਾਦਰ' ਵਧਾਈਆਂ ਲੈ ਲੈ,
ਫੁਲਫੁਲ ਖੁਸ਼ੀਵਿਚ ਬਾਗਬਹਾਰ ਹੋਇਆ।
ਤੇਰਾ ਰੂਪ ਅਨੂਪ ਤੇ ਚੰਦ ਚੇਹਰਾ,
ਜੀਹਨੇ ਵੇਖਿਆ ਓਹੋ ਬਲਿਹਾਰ ਹੋਇਆ।
ਕਲਗੀ ਵਾਲੇ ਜੀ ! ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਿਸਾਰ ਹੋਇਆ।
ਆ ਕੇ 'ਪੰਡਤਾਂ' ਆਪਦੇ ਸ਼ਹਿਰ ਅੰਦਰ,
ਜਦੋਂ ਰੋ ਰੋ ਬੜਾ ਵਿਰਲਾਪ ਕੀਤਾ।
ਇਹ 'ਹਤਿਆ' ਸੀਸ ਕੋਈ ਮੰਗਦੀ ਏ,
ਸੁਣਕੇ ਹੁਕਮ ਸੀ ਆਪ ਦੇ ਬਾਪ ਕੀਤਾ।
ਨੌਵੇਂ ਵਰਹੇ ਦੇ ਵਿਚ ਸੋ ਤੁਸਾਂ ਓਦੋਂ,
ਬੋਲ ਹਸਕੇ ਕੋਲੋਂ ਇਹ ਆਪ ਕੀਤਾ।
'ਮੇਰੇ ਪਿਤਾ ਜੀ ! ਸੀਸ ਭੀ ਜ਼ਾਏ ਭਾਵੇਂ,
ਜਾਏ ਹਿੰਦ ਚੋਂ ਦੂਰ ਪਰ ਪਾਪ ਕੀਤਾ।
ਕਲਗੀ ਵਾਲੇ ਜੀ ! ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਿਸਾਰ ਹੋਇਆ।

'ਧਰਮ ਰਖਸ਼ਾ' ਵਾਲੀ ਇਹ ਬਿਨੈ ਸੁਣਕੇ
ਉਨ੍ਹਾਂ ਕੋਲੋਂ ਵੀ ਨਹੀਂ ਸੀ ਇਨਕਾਰ ਹੋਇਆ।
ਕਲਗੀ ਵਾਲੇ ਜੀ ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਿਸਾਰ ਹੋਇਆ।
ਪਥਰ ਦਿਲਾਂ ਦੇ ਛੱਕਰੇ ਹੋਏ ਸੁਣ ਕੇ,
ਗੱਲਾਂ ਆਪ ਦੀਆਂ ਜੇਹੀਆ ਸੱਚੀਆਂ ਸਨ।
ਲਹੂ ਆਪਣਾ ਡੋਲ੍ਹ ਬੁਝਾਦੀਆਂ ਚਾ;
ਜੇਹੜੀਆਂ ਪਾਪ ਦੀਆਂ ਅੱਗਾਂ ਮੱਚੀਆਂ ਸਨ।
ਨਚ ਕਹਵਾਂ ਮੈਂ ਖਾਲਸਾ ਧਰਮ ਦੀਆਂ,
ਕੰਧਾਂ ਗੁਰੂ ਜੀ ਉਦੋਂ ਤੇ ਕੱਚੀਆਂ ਸਨ।
'ਲਖਤੇ-ਜਿਗਰ' ਕੁਹਾ ਕੇ ਯੁੱਧ ਅੰਦਰ,
ਲਾਈਆਂ ਇਨ੍ਹਾਂ ਨੂੰ ਤੁਸਾਂ ਹੀ ਬੱਚੀਆਂ ਸਨ।
ਬਦਲੇ ਇਟਾਂ ਦੇ ਨੀਂਹਾਂ ਵਿਚ 'ਲਾਲ' ਦਿਤੇ,
ਤਾਂ ਇਹ ਸਿਖੀ ਦਾ ਮੰਦਰ ਤਿਆਰ ਹੋਇਆ।
ਕਲਗੀ ਵਾਲੇ ਜੀ ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਿਸਾਰ ਹੋਇਆ।
ਇਕ ਦਰ ਸੰਗ ਤਤੰਰੀ, ਇਕ ਦਰ ਗੈਰ ਬੈਠਾ,
ਵਿਚ ਰਖੀ ਸ਼ਤਰੰਜ ਹੈ ਲਾਲ ਹੋਈ।
ਘਰ ਆਣ ਕੇ ਗੈਰਾਂ ਨੇ ਮੱਲਿਆ ਏ,
ਐਸੀ ਪੁਠੀ ਨਸੀਬਾਂ ਦੀ ਚਾਲ ਹੋਈ।
ਦੇ ਕੇ 'ਸ਼ੈਹ' ਜੋ ਦੁਸ਼ਮਨ ਨੂੰ ਘਰੋਂ ਕੱਢੇ,
ਹੁਣ ਹੈ ਓਸ ਖਿਲਾਰੂ ਦੀ ਭਾਲ ਹੋਈ।
ਲੂੰ ਲੂੰ ਸੰਗਤ ਦਾ ਗ਼ਮਾਂ ਵਿਚ ਵਿੰਨ੍ਹਿਆ ਹੈ,
ਦੁਖੀ ਆਪ ਬਾਝੋਂ ਵਾਲ ਵਾਲ ਹੋਈ।
"ਨੀਲੀ ਵਾਲਿਆ" ਆਣ ਕੇ ਜਿਤ ਬਾਜ਼ੀ,
ਬੜਾ ਚਿਰ ਤੇਰਾ ਇੰਤਜ਼ਾਰ ਹੋਇਆ।

ਦੂਜੀ ਲੜੀ
ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸ਼ਾਨ ਵਿੱਚ !

ਹਰੀਪੁਰ ਹਜ਼ਾਰੇ ਵਿੱਚ ਕਿਸੇ ਤਅੱਸਬੀ ਦੇ ਹਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਦੇਹ ਜਲਾਈ ਜਾਣ ਸਬੰਧੀ।

ਸਾਕੇ ਆਣਕੇ ਗੁਰੂ ਗ੍ਰੰਥ ਜੀ ਦੇ,
ਮੇਰੇ ਚਿੱਤ ਤੇ ਇਸਤਰ੍ਹਾਂ ਵਾਰ ਕੀਤਾ।
ਸੱਤੀਂ ਕਪੜੀਂ ਲੱਗ ਗਈ ਅੱਗ ਮੈਨੂੰ,
ਹਿਰਦਾ ਸਾੜਕੇ ਵਾਂਗ ਅੰਗਿਆਰ ਕੀਤਾ।
ਘਰੋਂ ਨਿਕਲਕੇ ਬਾਹਰ ਨੂੰ ਤੁਰ ਪਿਆ ਮੈਂ
ਚੇਟਕ ਚਿੱਤ ਨੂੰ ਆਣ ਉਡਾਰ ਕੀਤਾ।
ਅੱਗੇ ਪੰਡਤ, ਗ੍ਰੰਥੀ ਤੇ ਮੌਲਵੀ ਦਾ,
ਕੱਠੇ ਬੈਠਿਆਂ ਜਾ ਦੀਦਾਰ ਕੀਤਾ।
ਆਦਰ ਨਾਲ ਗ੍ਰੰਥੀ ਨੂੰ ਫ਼ਤੇ ਬੋਲੀ,
ਪੰਡਤ ਸਾਹਿਬ ਨੂੰ ਭੀ ਨਮਸਕਾਰ ਕੀਤਾ।
ਕਿਹਾ ਫੇਰ ਸਲਾਮ ਮੈਂ ਮੌਲਵੀ ਨੂੰ,
ਕਿੱਸਾ ਸ਼ੁਰੂ ਤਾਂ ਲੋੜ ਅਨੁਸਾਰ ਕੀਤਾ।
'ਕਰਕੇ ਮੇਹਰਬਾਨੀ ਤਿੰਨੇ ਦੱਸ ਦੇਣਾ;
ਏਸ ਗੱਲ ਮੈਨੂੰ ਬੇਕਰਾਰ ਕੀਤਾ।
ਗੈਰ ਦੀਨ ਦਿਆਂ ਧਰਮ ਪੁਸਤਕਾਂ ਲਈ,
ਜੋ ਜੋ ਆਪਦੇ ਮਜ਼੍ਹਬ ਪਰਚਾਰ ਕੀਤਾ।'
ਬਾਸ਼ੀ ਕਾਂਸ਼ੀ ਦੇ ਪੰਡਤ ਜੀ 'ਓਮ' ਕਹਿਕੇ,
ਪਹਿਲੇ ਆਖਣਾ ਆਪ ਤਿਆਰ ਕੀਤਾ।

'ਏਕੋ ਬ੍ਰਹਮ ਤੇ ਸਰਬ ਬ੍ਰਹਮ' ਮੰਤਰ,
ਰਿਗ ਵੇਦ ਦੇ ਵਿਚੋਂ ਉਚਾਰ ਕੀਤਾ।
ਅਰਥ ਏਹ ਕਿ ਆਪ ਪ੍ਰਮਾਤਮਾ ਨੇ,
ਜ਼ੱਰੇ ਜ਼ੱਰੇ ਦੇ ਵਿਚ ਅਵਤਾਰ ਕੀਤਾ।
ਓਹਦੇ ਵਾਸਤੇ ਸਭਨਾਂ ਦਾ ਇਕ ਰੁਤਬਾ,
ਜੀਵ ਜੰਤ ਜੋ ਵਿਚ ਸੰਸਾਰ ਕੀਤਾ।
ਕੀਤੀ ਕ੍ਰਿਪਾ ਬ੍ਰਾਹਮਨ ਤੇ ਨਹੀਂ ਉੱਚਾ,
ਤੇ ਨਹੀਂ ਸ਼ੂਦਰ ਨੂੰ ਘਟ ਪਿਆਰ ਕੀਤਾ।
ਰਾਮ—ਲਛਮਣ ਭੀ ਓਸੇ ਉਪਾਏ ਹੈਸਨ,
ਪਰਗਟ ਓਸੇ ਨੇ ਚੇਤਾ ਚਮਿਆਰ ਕੀਤਾ।
ਫ਼ਤੇ ਬੋਲ ਕੂਕੀ ਜੋ ਫੇਰ ਉਚਰੇ,
'ਸਾਡੇ ਧਰਮ ਨੇ ਇਹ ਪ੍ਰਚਾਰ ਕੀਤਾ!
ਕਹੋ ਬੇਦ ਕਤੇਬ ਨੂੰ ਮਤ ਝੂਠਾ,
ਝੂਠਾ ਓਹ, ਨਾਂ ਜਿਨ੍ਹੇ ਵਿਚਾਰ ਕੀਤਾ।
ਓਹੋ ਰੋਂਦਿਆ ਗਿਆ ਦਰਗਾਹ ਵਿਚੋਂ,
ਏਸ ਗੱਲ ਤੋਂ ਜਿਨ੍ਹੇ ਇਨਕਾਰ ਕੀਤਾ।
ਰਚਨਾ ਓਸੇ ਦੀ ਸਾਰੀ ਰਚਾਈ ਹੋਈ ਏ,
ਜੋ ਜੋ ਜੱਗ ਦੇ ਵਿਚ ਕਰਤਾਰ ਕੀਤਾ।
ਵੱਖੋ ਵੱਖਰਾ ਨਾਮ ਜਪਾਉਣ ਬਦਲੇ,
ਰੰਗ ਰੰਗ ਉਪਾ ਪਸਾਰ ਕੀਤਾ।
ਇੱਕੋ ਟਿੰਗ ਉੱਤੇ ਕੰਡਾ ਫੁੱਲ ਲਾਕੇ,
ਘਿਰਣਾ ਈਰਖਾ ਵਿਚ ਸੁਧਾਰ ਕੀਤਾ।
ਕਿਸੇ ਹੱਥ ਕੜਾ, ਕਿਸੇ ਹੱਥ ਤਸਬੀ,
ਗਲ ਕਿਸੇ ਦੇ ਜੰਜੂ ਦਾ ਹਾਰ ਕੀਤਾ।
ਇਕਨਾ ਸੋਹਣੀਆਂ ਸ਼ੋਹ ਭਰਮਾਣ ਬਦਲੇ,
ਰੰਗ ਰੰਗ ਦਾ ਹਾਰ ਸ਼ਿੰਗਾਰ ਕੀਤਾ।

ਇਕਨਾਂ ਚੌਂਤਰੀਂ ਵਿੱਦਿਆ ਪੜ੍ਹ ਪੜ੍ਹਕੇ,
ਅਕਲੋਂ ਬੁੱਧ ਦਾ ਮਾਨ ਹੰਕਾਰ ਕੀਤਾ।
ਇਕਨਾਂ ਕੌੜੀਆਂ ਓਸ ਨਿਰਪੱਖ ਸ਼ੌਹ ਦਾ,
ਕਰਕੇ ਆਸਰਾ ਚਿੱਤ ਅਧਾਰ ਕੀਤਾ।
ਓਥੇ ਕੌਣ ਸੁਹਾਗਣ ਤੇ ਕੌਣ ਰੰਡੀ,
ਖ਼ਬਰੇ ਕਿਨ੍ਹੂ ਮਨਜ਼ੂਰ ਸਰਕਾਰ ਕੀਤਾ।
ਫੇਰ ਮੌਲਵੀ ਸਾਹਿਬ ਨੇ ਆਖਿਆ ਇਹ,
'ਸੁਣ ਲੈ ਸਾਫ ਕੁਰਆਨ ਇਜ਼ਹਾਰ ਕੀਤਾ।
'ਵਮਾਉਨ ਜ਼ਿਲਾ ਅਲੈਕਾ ਵਮਾਉਨ ਜ਼ਿਲ੍ਹਾ,
ਮਿਨਕੋ ਬਲਿਕ' ਦਾ ਜ਼ਾਹਿਰ ਇਸਰਾਰ ਕੀਤਾ।
'ਵੱਲੇ ਕੌਲੇ ਕੌਮਿਨਹਾਦ' ਵਾਲੇਤਾਂ ਬੀ,
ਸਾਫ ਸਾਫ ਹੈ ਹੁਕਮ ਗਫ਼ਾਰ ਕੀਤਾ।
ਅਰਥ ਇਹ ਕਿ ਥਾਂ ਥਾਂ ਕੌਮ ਅੰਦਰ,
ਪਰਗਟ ਰਿਸ਼ੀ ਪੈਗੰਬਰ ਅਵਤਾਰ ਕੀਤਾ।
ਓਹਨਾਂ ਹੱਥ ਕਿਤਾਬਾਂ ਬੀ ਘੱਲੀਆਂ ਨੇ,
ਤਾਂ ਜੋ ਸੱਚ ਦਾ ਜਾਏ ਇਤਬਾਰ ਕੀਤਾ।
ਕਿਸੇ ਓਸ ਨੂੰ 'ਲਾ ਸ਼ਰੀਕ' ਕਿਹਾ,
ਕਿਸੇ ਤਰਜਮਾ 'ਇਕ ਓਅੰਕਾਰ' ਕੀਤਾ।
ਆਦਰ ਦੂਜਿਆਂ ਮਜ਼੍ਹਬਾਂ ਦਾ ਕਰਨ ਬਦਲੇ,
ਸਾਫ ਹੁਕਮ ਏਹ ਅਹਿਮਦ ਮੁਖ਼ਤਾਰ ਕੀਤਾ।
ਬੁਰਾ ਬੋਲਕੇ ਕਿਸੇ ਦੇ ਬੁੱਤ ਨੂੰ ਵੀ,
ਓਹਦਾ ਦਿਲ ਨਾਂ ਜਾਏ ਬੇਜ਼ਾਰ ਕੀਤਾ।
ਤੇਰੇ ਅੱਲਾ ਨੂੰ ਕੱਢੇਗਾ ਗਾਲ ਓਹ ਬੀ,
ਜੇ ਤੂੰ ਕਿਸੇ ਦੇ ਬੁੱਤ ਤੇ ਵਾਰ ਕੀਤਾ।
ਜ਼ਾਤ ਪਾਤ ਦੀ ਓਸ ਨਹੀਂ ਰਈ ਕਰਨੀ,
ਬੇੜਾ ਅਮਲਾਂ ਤੇ ਜਾਣਾ ਏ ਪਾਰ ਕੀਤਾ।

ਮੈਂ ਏਹ ਬੋਲ ਨਿਰੋਲ ਨਿਰਪੱਖ ਸੁਣਕੇ,
ਸੜਦੇ ਕਾਲਜੇ ਨੂੰ ਠੰਢਾ ਠਾਰ ਕੀਤਾ।
ਫੇਰ ਆਖਿਆ ਮੈਂ ਹਰੀ ਪੁਰ ਅੰਦਰ,
ਦੇਖੋ ਜ਼ੁਲਮ ਏਹ ਕਿਸੇ ਬੁਰਿਆਰ ਕੀਤਾ।
ਅੱਗ ਬਾਲਕੇ ਗੁਰੂ ਗ੍ਰੰਥ ਉੱਤੇ,
ਸੌਦਾ ਨਰਕ ਦਾ ਜੱਗ ਵਿਚਕਾਰ ਕੀਤਾ।
ਹੌਕਾ ਮਾਰਕੇ ਬੋਲ ਸਰਾਪ ਵਾਲਾ,
ਜਾਰੀ ਉਨ੍ਹਾਂ ਏਹ ਸੁਣਦਿਆਂ ਸਾਰ ਕੀਤਾ।
ਓਹਦਾ ਕਫ਼ਨ ਬੀ ਓਹਨੂੰ ਫਿਟਕਾਰ ਪਾਸੀ,
ਜਿਸ ਨੇ ਇਸਤਰ੍ਹਾਂ ਅੱਤਯਾਚਾਰ ਕੀਤਾ।
ਕਾਲੋਂ ਪਾਪ ਦੀ ਜੱਗ ਤੇ ਆਪ ਲੈਕੇ,
ਕਾਲਾ ਮੂੰਹ ਹੈ ਓਸ ਮੁਰਦਾਰ ਕੀਤਾ।
ਲਾਈ ਓਸਨੇ ਅੱਗ ਗ੍ਰੰਥ ਨੂੰ ਨਹੀਂ,
ਹੱਥੀਂ ਨਰਕ ਦਾ ਆਪ ਵਿਹਾਰ ਕੀਤਾ।
ਸੜ ਗਏ ਜਿਉਂਦਿਆਂ ਜੱਗ ਤੇ ਭਾਗ ਓਹਦੇ,
ਮੁਰਦਾ ਅੰਤ ਦੇ ਵਿੱਚ ਖ਼ਵਾਰ ਕੀਤਾ।
'ਸ਼ਰਫ਼' ਸੱਚ ਨੂੰ ਕਦੀ ਨਹੀਂ ਆਂਚ ਲਗਦੀ,
ਸੜਕੇ ਬੀੜ ਨੇ ਪੰਥ ਗੁਲਜ਼ਾਰ ਕੀਤਾ।

ਤੀਜੀ ਲੜੀ

ਮਾਨਯੋਗ ਸ਼ਹੀਦਾਂ ਦੀ ਸ਼ਾਨ ਵਿਚ

ਦਾਸਤਾਂ ਸ਼ਹੀਦਾਂ ਰੰਗੀਲਿਆਂ ਦੀ,
ਜਦੋਂ ਲਿਖਣ ਲਈ ਮੇਰਾ ਖਿਆਲ ਤੁਰਿਆ।
ਸਾਗਰ ਵਿਚ ਜਿਉਂ ਆਵੇ ਜੁਵਾਰ ਭਾਟਾ,
ਖਾ ਕੇ ਇਸਤਰਾਂ ਜੋਸ਼ ਉਬਾਲ ਤੁਰਿਆ।
ਕੇਸਰ ਭਿੰਨੇ 'ਸ਼ਹੀਦਾਂ' ਦੀ ਯਾਦ ਅੰਦਰ,
ਰੰਗ ਹੰਝੂਆਂ ਦਾ ਹੋ ਕੇ ਲਾਲ ਤੁਰਿਆ।
ਸੀਨਾ ਹੋਇਆ ਦੋ ਡੱਕ ਕੜੱਕ ਕਰਕੇ,
'ਕਲਮ' 'ਕਾਗਜ਼' ਤੇ ਥਿੜਕਦੀ ਚਾਲ ਤੁਰਿਆ।
ਨਾਂ ਰਹਿਣੇ, 'ਨਰੈਣੇ' ਦਾ ਜਗ ਅੰਦਰ,
ਘਰ ਘਰ ਚਰਚਾ ਇਹ ਜਦੋਂ ਕਮਾਲ ਤੁਰਿਆ।
'ਰਾਜ' ਗੁਰੂ ਨੇ ਜੀਹਨੂੰ ਬਹਾਲਿਆ ਸੀ,
'ਚੱਕੀ' ਚੱਟਨ ਓਹ ਉਠ 'ਛਨਾਲ' ਤੁਰਿਆ।
ਕਹਿੰਦਾ ਵਾਹਿਗੁਰੂ ਵਾਹਿਗੁਰੂ ਸਿੰਘ ਜਥਾ,
ਐਸ ਗੱਲ ਦੀ ਕਰਨ ਪੜਤਾਲ ਤੁਰਿਆ।
'ਸਬਰ' ਸਿੰਘਾਂ ਦਾ ਵੇਖਣ ਨੂੰ ਸਵਰਗ ਵਿਚੋਂ,
ਦਸਮ ਪਿਤਾ ਓਧਰ 'ਲਾਜ ਪਾਲ' ਤੁਰਿਆ।

ਬੈਠਾ ਮੋਰਚੇ ਗੱਡ ਕੇ 'ਦੁਸ਼ਟ' ਏਧਰ,
ਠੋਕਰ ਮਾਰ ਕੇ ਜਿਨਹੂੰ 'ਇਕਬਾਲ' ਤੁਰਿਆ।
ਲੈ ਕੇ ਸ਼ਿਮਰ 'ਹਰਾਮੀਆਂ' 'ਸ਼ਾਮੀਆਂ' ਨੂੰ,
ਮਾਰਨ ਜਿਉਂ 'ਰਸੂਲ' ਦੀ 'ਆਲ' ਤੁਰਿਆ।
ਓਸੇ ਤਰ੍ਹਾਂ 'ਗੁਰੂ ਨਾਨਕ' ਦੇ ਸੇਵਕਾਂ ਨੂੰ,
ਕਤਲ ਕਰਨ 'ਨਰੈਣਾ' ਚੰਡਾਲ ਤੁਰਿਆ।
ਮਾਰ ਜੰਦਰੇ, ਅੰਦਰੇ ਸਿੰਘ ਮਾਰੇ,
'ਬਾਸ਼ਕ' ਧੌਲ ਦੇ ਦਿਲੋਂ ਭੁਚਾਲ ਤੁਰਿਆ।
ਧਰਤੀ 'ਜਲਿਆਂ ਵਾਲ' ਦੀ ਕੰਬ ਉਠੀ,
ਧਰੂਹ ਭਗਤ ਵੀ ਹੋ ਕੇ ਬੇਹਾਲ ਤੁਰਿਆ।
'ਧਾਰਾਂ ਲਹੂ' ਦੀਆਂ ਇਸ ਤਰ੍ਹਾਂ ਚਲੀਆਂ ਸਨ,
ਆਵੇ ਖਾਲ ਦਾ ਜਿਵੇਂ ਨਿਕਾਲ ਤੁਰਿਆ।
ਇਹ ਅਸਚਰਜ 'ਪਚਕਾਰੀਆਂ' ਨਜ਼ਰ ਆਈਆਂ,
ਨਾੜ ਨਾੜ ਚੋਂ ਲਾਲ ਗੁਲਾਲ ਤੁਰਿਆ।
'ਨਾਫੇ' ਖੁਲ੍ਹੇ 'ਸ਼ਹੀਦਾਂ' ਦੇ ਖੂਨ' ਦੇ ਜਹੇ,
ਹਰਨ ਖ਼ਿਤਨ ਦਾ ਜਿਗਰ ਸੰਭਾਲੇ ਤੁਰਿਆ।
'ਖ਼ਾਕ ਪਾਕ' ਨਾ ਮਥੇ ਦੇ ਨਾਲ ਲਾਈ,
ਐਸੇ ਆਸ ਵਿਚ ਕੋਈ ਨਿਢਾਲ ਤੁਰਿਆ।
ਐਸੇ 'ਦੇਸ' ਨੂੰ ਕਿਸੇ 'ਅਦੇਸ' ਕਹਿਆ,
ਕੋਈ ਬੋਲ 'ਸਤਿ ਸ੍ਰੀ ਅਕਾਲ' ਤੁਰਿਆ।
ਦਰਸ਼ਨ ਕਰਨ ਦੀ ਕਿਸੇ ਨੂੰ ਰੀਝ ਰਹਿ ਗਈ,
ਕੋਈ ਵੇਖ 'ਦੀਦਾਰ' ਜਮਾਲ ਤੁਰਿਆ।
ਕਿਸੇ ਹੱਸ ਕੇ ਛਵ੍ਹੀਆਂ ਦੇ ਵਾਰ ਝੱਲੇ,
ਇਕ ਹਿੱਕ ਦੀ ਭੰਨ ਕੇ ਢਾਲ ਤੁਰਿਆ।
ਬਲ ਅੱਖਾਂ ਦੇ 'ਪ੍ਰੀਤਮ' ਦੀ ਗਲੀ ਅੰਦਰ,
ਖ਼ਾਕ ਪਾਕ ਨੂੰ ਵੇਖ ਕੋਈ ਭਾਲ ਤੁਰਿਆ।

'ਛੇਲ' ਸਿੰਘ ਕੋਈ ਵਾਂਗ 'ਸੁਬੇਗ ਸਿੰਘ' ਦੇ,
ਤੋੜ ਜੱਗ ਦੇ ਸਾਰੇ ਜੰਜਾਲ ਤੁਰਿਆ।
'ਤਾਰੂ ਸਿੰਘ' ਵਾਂਗੂ ਮੰਗਣ ਦਾਨ ਕੋਈ,
ਪਿਆਲਾ ਖੋਪਰੀ ਲਾਹ ਕੰਗਾਲ ਤੁਰਿਆ।
'ਮਨੀ ਸਿੰਘ' ਵਾਂਗੂ ਹੋਕੇ ਕਈ ਟੁਕੜੇ,
ਅੰਮ੍ਰਿਤ ਛਕਣ ਦੇ ਕੌਲ ਨੂੰ ਪਾਲ ਤੁਰਿਆ।
ਕੋਈ 'ਦੀਪ ਸਿੰਘ' ਧਰਮ ਦੇ ਦੀਪ ਉੱਤੇ,
ਆਪਾ ਵਾਂਗ ਪਤੰਗ ਦੇ ਜਾਲ ਤੁਰਿਆ।
'ਲਛਮਨ ਸਿੰਘ' ਕਹਿਆ ਮੈਂ ਵੀ ਚੱਲਣਾ ਹਾਂ,
ਜਿਵੇਂ 'ਲਛਮਨ' ਸੀ 'ਰਾਮ' ਦੇ ਨਾਲ ਤੁਰਿਆ।
ਦੁੱਖ ਪੰਥ ਦਾ ਵੇਖ ਗ੍ਰੰਥ ਵਿਚੋਂ
'ਇਸਮ ਆਜ਼ਮ' ਪੜ੍ਹਕੇ ਓਸੇ ਹਾਲ ਤੁਰਿਆ।
'ਅੱਖਰ, ਅੱਖਰ ਦੀ ਅੱਖ ਜੋ ਭਰੀ ਲਹੂ ਦੀ,
ਸੀਨਾ ਛਾਨਣੀ ਹੋਇਆ ਵਖਾਲ ਤੁਰਿਆ।
ਕਿਸੇ ਮਾਂ ਦੁਖਿਆਰੀ ਦਾ ਚੋਹਗੜਾ ਈ,
ਰਾਹ ਸਵਰਗ ਦੇ ਹੋਕੇ ਖੁਸ਼ਹਾਲ ਤੁਰਿਆ।
ਬੁੱਢੇ ਪਿਤਾ ਦਾ ਠੁਮਣਾਂ ਪੁਤਰ ਕੋਈ,
ਲੱਕ ਤੋੜਕੇ ਸੀ ਨੌ ਨਿਹਾਲ ਤੁਰਿਆ।
ਕਿਸੇ ਵੀਰ ਦੀ ਭੱਜ ਗਈ ਬਾਂਹ ਸੱਜੀ,
ਦੁੱਖਾਂ ਸੁਖਾਂ ਦਾ ਵੀਰ ਭਿਆਲ ਤੁਰਿਆ।
ਭੈਣ 'ਔਸੀਆਂ' ਪਾ ਪਾ ਰਾਹ ਵੇਖੇ,
ਆਉਂਦਾ ਵੀਰ ਹੋਊਗਾ ਨੇਕ ਫ਼ਾਲ ਤੁਰਿਆ।
ਨਾਰੀ ਆਖਦੀ ਉਡਕੇ ਦਸ ਕਾਵਾਂ,
ਜੇਕਰ ਪਤੀ ਆਵੇ ਪ੍ਰਿਤਪਾਲ ਤੁਰਿਆ।
ਠੇਡੇ ਖਾਂਦਾ ਕੋਈ ਪਿਤਾ ਦਾ ਰਾਹ ਵੇਖੇ,
ਨੀਮ ਸੁਧ ਯਤੀਮ ਕੋਈ ਬਾਲ ਤੁਰਿਆ।

ਖੋਲ ਫ਼ਤੂ੍ਹੇ, ਐਪਰ ਫਤੇਪੁਰ ਪਹੁੰਚਾ,
ਜਥਾ ਫ਼ਤੇ ਕਰਕੇ ਵੈਰੋਵਾਲ ਤੁਰਿਆ।
ਏਹਨਾਂ ਮੁਕਤਿਆਂ ਦਾ ਸਿਦਕ ਵੇਖਕੇ ਤੇ,
'ਮੁਕਤਸਰ' ਵੀ ਨੀਰ ਉਛਾਲ ਤੁਰਿਆ।
ਡਿਠੇ ਜਦੋਂ ਇਹ ਚੱਨ ਦੇਖੱਨ ਹੋਏ,
'ਚੱਨ ਚੌਧਵੀ' ਦਾ ਹੋ 'ਹਲਾਲ' ਤੁਰਿਆ।
ਕਢੇ ਅੱਥਰੂ ਲਾਲਾਂ ਦੇ ਪਰਬਤਾਂ ਨੇ,
ਸਾਗਰ ਮੋਤੀ ਦੇ ਹੰਝੂ ਉਪਰਾਲ ਤੁਰਿਆ।
ਸੋਟ ਕਰਨ 'ਸ਼ਹੀਦਾਂ' ਦੀ ਜੇਝ ਉਤੋਂ,
ਚੰਦ ਤਾਰਿਆਂ ਦਾ ਭਰਕੇ ਥਾਲ ਤੁਰਿਆ।
ਨਾਵਾਂ ਆਪਣਾ ਕਰ 'ਸ਼ਹੀਦ' ਰੌਸ਼ਨ,
'ਪ ਪੀ' ਜੱਗ ਦੀ ਖੱਟ ਮੁਕਾਲ ਤੁਰਿਆ।
ਦਜਮੇਂ ਪਿਤਾ ਦੇ 'ਸ਼ਰਫ਼' ਦੁਲਾਰਿਆਂ ਨੂੰ,
'ਦਸਵੇਂ' ਫਗਣੋਂ' ਹੈ ਚੌਥਾ ਸਾਲ ਤੁਰਿਆ।

❋

ਕੇਹੜੇ ਵਿੱਛੜੇ ਨੇ ਹੰਸ ਡਾਰ ਵਿਚੋਂ ?

ਖੂਨ ਫੁੱਟਿਆ ਕਿਨ੍ਹਾਂ ਬੇ-ਦੋਸ਼ਿਆਂ ਦਾ,
ਥਾਂ ਫੁੱਲਾਂ ਦੀ ਅਜ ਅਨਾਰ ਵਿਚੋਂ ?
ਫੀਤੀ ਫੀਤੀ ਹੈ ਗੇਂਦੇ ਦਾ ਫੁੱਲ ਹੋਯਾ,
ਕੇਹੜੇ ਚੁਣੇ ਗਏ ਫੁੱਲ ਗੁਲਜ਼ਾਰ ਵਿਚੋਂ ?
ਕੇਹੜੇ ਭੱਠੇ ਦੇ ਲੰਬੂ ਅਜ ਯਾਦ ਆ ਗਏ,
ਨਿਕਲਣ ਲਗੀ ਏ ਅੱਗ ਕਚਨਾਰ ਵਿਚੋਂ ?
ਬਿਰਛਾਂ ਬੂਟਿਆਂ ਕਿਨ੍ਹਾਂ ਦੇ ਸੋਗ ਅੰਦਰੋਂ,
ਪੱਤਰ ਤੋੜੇ ਨੇ ਹਾਰ ਸ਼ਿੰਗਾਰ ਵਿਚੋਂ ?
ਫੁੱਲ ਲਾਲਾਂ ਦੇ ਕਿਨ੍ਹਾਂ ਦੀ ਯਾਦ ਅੰਦਰ,
ਸੀਨਾ ਕੱਢ ਬੈਠੇ ਦਾਗਦਾਰ ਵਿਚੋਂ ?
ਕਿਨ੍ਹਾਂ ਲਾਲਾਂ ਦਾ ਲਾਯਾ ਵਿਯੋਗ ਦਿਲ ਨੂੰ,
ਦੱਸੋ ਸਰੋਂ ਨੇ ਏਸ ਸੰਸਾਰ ਵਿਚੋਂ ?
ਸਾਲੂ ਸਾਵਿਆਂ ਪੱਤਾਂ ਦਾ ਦੂਰ ਕਰਕੇ,
ਮੁਖ ਕਢਿਆ ਪੀਲਾ ਵਸਾਰ ਵਿਚੋਂ ?
ਸਜ਼ ਵਾਂਗ ਅਜ ਨੈਣ ਵਿਰਲਾਪ ਕਰਦੇ,
ਕੇਹੜੇ ਵਿੱਛੜੇ ਨੇ ਹੰਸ ਡਾਰ ਵਿਚੋਂ ?
ਕੂੰਨ੍ਹਾਂ ਅੰਮ੍ਰਿਤ ਦੀ ਸ਼ਕਤੀ ਵਖਾਲ ਦਿਤੀ,
ਡੋਲ੍ਹੇ ਨੂਤ ਕਿਰਪਾਨ ਦੀ ਧਾਰ ਵਿਚੋਂ ?
ਕਿਕਨ੍ਹਾਂ ਕੇਸਾਂ ਦੀ ਬਾਸ਼ਨਾ ਖਿੱਲਰੀ ਏ,
ਵੇਖਣ ਨਿਕਲਿਆਂ ਮੁਸ਼ਕ ਤਾਤਾਰ ਵਿਚੋਂ ?

ਕਿ ਕੇਤ੍ਰੇ ਲਾਲ ਨਾਯਾਬ ਗੁਆਚ ਗਏ ਨੇ,
ਚਾਲੀ ਲਖ ਦੇ ਕੀਮਤੀ ਹਾਰ ਵਿਚੋਂ ?
ਅੰਬਰ ਅਜ ਕਲ ਜਿਨ੍ਹਾਂ ਦੀ ਯਾਦ ਅੰਦਰ,
ਮੋਤੀ ਪਿਆ ਬਰਸ ਏ ਫੁਹਾਰ ਵਿਚੋਂ ?
ਫੜੀ ਹੋਣੀ ਸਤਾਰ ਹੈ ਝਿਮਣੀਆਂ ਦੀ,
ਕੱਢਣ ਪੁਤਲੀਆਂ ਰਾਗ ਹਜ਼ਾਰ ਵਿਚੋਂ ?
ਹੰਝੂ ਵਾਂਗ ਅੰਗਿਆਰਿਆਂ ਡਿੱਗਦੇ ਨੇ,
ਨਿਕਲੇ ਦੀਪਕ ਦੀ ਲੈ ਮਲਹਾਰ ਵਿਚੋਂ
ਕਿਨ੍ਹਾਂ ਸੂਰਿਆਂ ਪੂਰਿਆਂ ਸੀਸ ਦਿੱਤੇ,
ਖੁੰਢੀ ਜ਼ੁਲਮ ਦੀ ਹੋਣੀ ਤਲਵਾਰ ਵਿਚੋਂ ?
ਕਿਨ੍ਹਾਂ ਕੱਢਿਆ ਚੰਦ ਸ਼ਹੀਦੀਆਂ ਦਾ,
ਰਾਤ ਜ਼ੁਲਮ ਵਾਲੀ ਧੁੰਦੂਕਾਰ ਵਿਚੋਂ ?
ਨਾਮ, ਮੁਕਤੀਆਂ, ਭੁਕਤੀਆਂ ਪਾਏ ਕਿਨ੍ਹਾਂ,
ਧਰਮ ਬੀਰਤਾ ਨੇਮ ਬਾਜ਼ਾਰ ਵਿਚੋਂ ?
ਕਾਹਨੂੰ 'ਤੂਰ' ਵਿਚਾਰੇ 'ਨੂੰ ਸਾੜਨਾ ਏਂ,
ਜਲਵੇ ਮੰਗਕੇ ਖਾਸ ਦਰਬਾਰ ਵਿਚੋਂ ?
ਹਜ਼ਰਤ ਮੂਸਾ ਨਨਕਾਣੇ ਵਿਚ ਆ ਵੇਖੀਂ,
ਸ਼ੋਲੇ ਨੂਰ ਦੇ ਨਿਕਲਦੇ ਨਾਰ ਵਿਚੋਂ ?
ਜਿਗਰ ਕਾਲਜੇ ਫੂਕਦੀ ਘੂਕਦੀ ਏ,
ਨਿਕਲੀ ਕੂਕ ਸ਼ਹੀਦ ਦੀ ਤਾਰ ਵਿਚੋਂ:-

ਏਹ ਅਜ ਓਹਨਾਂ ਦੀ ਬਰਸੀ ਤੇ ਫੁੱਲ ਬਰਸਨ,
ਜੇਹੜੇ ਪੰਥ ਉਤੋਂ ਜਾਨ ਵਾਰ ਗਏ ਨੇ।
ਨੈਂ ਲੰਘ ਗਏ ਆਪ ਸ਼ਹੀਦੀਆਂ ਦੀ,
ਸਾਨੂੰ ਕੰਢੇ ਤੇ 'ਸ਼ਰਫ਼' ਖਲ੍ਹਾਰ ਗਏ ਨੇ ।

ਚੌਥੀ ਲੜੀ

ਸਾਹਿਤਕ ਲਾਲਾਂ ਦੀ ਬਰਖਾ

(ਇਕ ਤਸਵੀਰ ਵਿਚ ਇਕ ਛੋਟਾ ਬੱਚਾ ਖੜੋਤਾ ਹੈ ਤੇ ਸਭ ਤੋਂ ਪਹਿਲਾਂ ਕਦਮ ਪੁਟਣ ਲਗਾ ਹੈ ਥੋੜੀ ਦੂਰ ਬਾਹਾਂ ਲੰਮੀਆਂ ਕਰਕੇ ਮਾਂ ਬਚੇ ਦਾ ਪਹਿਲਾਂ ਕਦਮ ਪੁਟਣ ਦੀ ਖੁਸ਼ੀ ਵਿਚ ਬੈਠੀ ਹੈ, ਬਚੇ ਨੇ ਵੀ ਮਾਂ ਦੇ ਵਲ ਬਾਹਾਂ ਖਿਲਾਰੀਆਂ ਹਨ ਤੇ ਡਿਗ ਪੈਣ ਤੋਂ ਡਰਦਾ ਕਦਮ ਨਹੀਂ ਪੁਟਦਾ। ਏਹ ਤਸਵੀਰ ਵੇਖਕੇ ਹੇਠ ਲਿਖੀ ਕਵਿਤਾ ਲਿਖੀ ਗਈ)

ਮੇਰੇ ਹੀਰਿਆ ਡੋਲਦਾ ਡਲ੍ਹਕਦਾ ਈ,
ਏਸੇ ਲਟਕ ਸੁਹਾਵਣੀ ਨਾਲ–ਆ ਜਾ।
ਭਰ ਭਰ ਮੋਤੀਆਂ ਦੇ ਥਾਲ ਵੰਡ ਦੇਵਾਂ,
ਹਸ ਹਸ ਕੇ ਹੰਸ ਦੀ ਚਾਲ–ਆ ਜਾ।
ਜਾਵੇ ਮਾਂ ਘੋਲੀ ਏਸ ਹੌਂਸਲੇ ਤੋਂ,
ਹੋਰ ਮਾਰ ਇਕ ਨਿਕੀ ਜਹੀ ਛਾਲ–ਆਜਾ।
ਚੀਜੋ ਦਿਆਂ ਤੈਨੂੰ ਨਾਲੇ ਗੇਂਦ ਦੇਵਾਂ,
ਆ ਆ ਛੇਤੀ ਮੇਰੇ ਲਾਲ–ਆ ਜਾ।
ਘੁੱਟ ਘੁੱਟ ਕੇ ਹਿਕ ਦੇ ਨਾਲ ਲਾਵਾਂ,
ਗਲੇ ਵਿਚ ਪਾਵਾਂ ਬਾਹਾਂ ਖੁਲੀਆਂ ਨੂੰ।
ਘੁੱਟ ਅੰਮ੍ਰਿਤਾਂ ਦੇ 'ਸ਼ਰਫ' ਪੀ ਜਾਵਾਂ,
ਚੁੰਮ ਚੁੰਮ ਕੇ ਸੋਹਣੀਆਂ ਬੁਲ੍ਹੀਆਂ ਨੂੰ।

ਕਤਰਾ ਵੇਖਿਆ ਇਕ ਤਰੇਲ ਦਾ ਮੈਂ

ਗਹੁ ਨਾਲ ਸੁਣਨਾ ਸਾਰੇ ਕੰਨ ਧਰਕੇ,
ਕਿਸਾ ਕਹਾਂ ਅਚਰਜ ਸਵੇਲ ਦਾ ਮੈਂ।
ਮੋਰ ਵਾਂਗ ਬਨਿਸਤ ਅਜ ਮਸਤ ਹੋ ਕੇ,
ਗਿਆ ਬਾਗ ਵਿਚ ਰੇਲਦਾ ਪੇਲਦਾ ਮੈਂ।
ਤੋੜ ਤੋੜ ਕੇ ਫੁੱਲਾਂ ਖਿਡੌਣਿਆਂ ਨੂੰ,
ਹੈਸਾਂ ਜਾਤਕਾਂ ਦੇ ਵਾਂਗ ਖੇਲਦਾ ਮੈਂ।
ਬੈਠਾ ਹੋਇਆ ਗੁਲਾਬ ਦੇ ਫੁੱਲ ਉਤੇ,
ਕਤਰਾ ਵੇਖਿਆ ਇਕ ਤਰੇਲ ਦਾ ਮੈਂ।

ਉਹਦੀ ਚਮਕ ਦੀ ਚੜ੍ਹਤ ਕੁਝ ਵਖਰੀ ਸੀ,
*ਸ਼ਮਸੀ ਹੀਰਿਆਂ ਦੀ ਰੰਗਣ ਦੱਖ ਕੋਲੋਂ।
ਪਰ ਉਹ ਪਾਰੇ ਦੇ ਵਾਂਗ ਤ੍ਰਿਬਕਦਾ ਸੀ,
ਰਤੀ ਤਿੱਖੜੀ ਕਿਸੇ ਦੀ ਅਖ ਕੋਲੋਂ।

---

*ਸ਼ਮਸੀ ਹੀਰਾ ਇਕ ਬੜਾ ਕੀਮਤੀ ਹੀਰਾ ਹੁੰਦਾ ਹੈ, ਸੂਰਜ ਦੀਆਂ ਕਿਰਣਾਂ ਨਾਲ ਜਿਸਦੇ ਰੰਗ ਬਦਲਦੇ ਰਹਿੰਦੇ ਹਨ।

ਓਹਨੂੰ ਕਿਹਾ ਮੈਂ ਅੰਨ ਦੀ ਅੱਖ ਵਿਚੋਂ,
ਹੰਝੂ ਡਿਗਿਆ ਤੂੰ ਜਾਂਦੀ ਵਾਰ ਦਾ ਏਂ।
ਯਾ ਹੈਂ ਬੁਲਬੁਲਾ ਫੁੱਲ ਦੀ ਉਮਰ ਵਾਲਾ,
ਜਾਂ ਤੂੰ ਅੱਥਰੂ ਬੁਲਬੁਲ ਦੇ ਪਿਆਰ ਦਾ ਏਂ।
ਹਥੋਂ ਪਾਈ ਪ੍ਰੇਮ ਦੀ ਵਿਚ ਯਾ ਤੂੰ,
ਮੋਤੀ ਟੁਟਿਆ ਸ਼ਾਮ ਦੇ ਹਾਰ ਦਾ ਏਂ।
ਯਾ ਤੂੰ ਰੈਨ ਦੇ ਕੁਲਫੀ ਦੁਪੱਟੜੇ ਤੋਂ,
ਅਬਰਕ ਝੜ ਡਿਗਾ ਚਮਕਾਂ ਮਾਰਦਾ ਏਂ ?

ਰਿੜ੍ਹੇਂ ਖਿੜ੍ਹੇਂ ਟਪੋਸੀਆਂ ਲਾ ਲਾ ਕੇ,
ਫਿਰੇਂ ਖੰਬੜੀ ਖੰਬੜੀ ਫੋਲਦਾ ਤੂੰ।
ਫੁੱਲਾਂ ਵਿਚ ਕੌਣ ਓ ਲੁਕਣ ਵਾਲਾ,
ਜਿਨੂੰ ਏਕਣਾਂ ਨਾਲ ਹੈਂ ਟੋਲਦਾ ਤੂੰ ?

ਲਗਾ ਕਹਿਣ ਉਹ ਖੋਲ੍ਹਕੇ ਕੀ ਦਸਾਂ,
ਪਾਈਆਂ ਕਿਸੇ ਨ ਅਸੀਆਂ ਫਾਹੀਆਂ ਨੇ।
ਹੋਇਆ ਵਖ ਹਿਮਾਲਾ ਦਾ ਮੂੰਹ ਬੱਗਾ;
ਜੋ ਜੋ ਅੰਕੜਾਂ ਸਖ਼ਤ ਨਿਬਾਹੀਆਂ ਨੇ।
ਕਛੇ ਹੋਏ ਨੇ ਸੱਤੇ ਅਸਮਾਨ ਮੇਰੇ,
ਸੱਤੇ ਧਰਤੀਆਂ ਮੇਰੀਆਂ ਗਾਹੀਆਂ ਨੇ।
ਉਨ੍ਹਾਂ ਕੋਲੋਂ ਤੂੰ ਵਾਪਰੀ ਪੁਛ ਮੇਰੀ,
ਸੂਰਜ ਚੰਦ ਦੋ ਸਾਫ ਗਵਾਹੀਆਂ ਨੇ।

ਚਿਪਰ ਸ਼ੀਸ਼ੇ ਦੀ *ਜਮ ਦਾ ਜਾਮ ਸਮਝਾਂ,
ਜਲਵੇ ਜੱਗ ਦੇ ਮੇਰੇ ਵਿਚ ਭਰੇ ਹੋਏ ਨੇ।

---

*ਜਮ ਦਾ ਜਾਮ:-ਜਮਸ਼ੈਦ ਪਾਤਸ਼ਾਹ ਦਾ ਪਿਆਲਾ।

ਮੈਨੂੰ ਪਾਣੀ ਦੀ ਬੂੰਦ ਨ ਸਮਝ ਬੈਠੀਂ,
ਮੈਂ ਤਾਂ ਸੱਤੇ ਸਮੁੰਦਰ ਏ ਤਰੇ ਹੋਏ ਨੇ।
ਵੇਂਹਦਾ ਮਜਨੂੰ ਦੇ ਇਸ਼ਕ †ਨਿਜਦ ਅੰਦਰ,
ਮੈਂ ਓ ਲੇਲੀ ਦਾ ਹੁਸਨ ਕਮਾਲ ਡਿਠਾ।
ਚਿਮਟਾ ਕਢਦਾ ਰਾਂਝੇ ਜਿਹੇ ਜੋਗੀਆ ਦਾ,
ਲਖ ਲਖ ਅਲੱਖ ਦੀ ਤਾਲ ਡਿਠਾ।
ਪੁਰਜ਼ੇ ਪੁਰਜ਼ੇ ਹੁੰਦਾ ਘੜਾ ਸੋਹਣੀ ਦਾ,
ਤੇਜ਼ ਕੈਂਚੀਆਂ ਲਹਿਰਾਂ ਦੇ ਨਾਲ ਡਿਠਾ।
ਬੈਠੀ ਡਾਚੀ ਦੇ ਖੁਰੇ ਤੇ ਠੇਂਵਦੀ ਸੀ,
ਮੈਂ ਇਹ ਰਾਤ ਦੀ ਵਿਆਹੀ ਦਾ ਹਾਲ ਡਿਠਾ।

ਪ੍ਰੀਤਮ ਵਾਸਤੇ ਘਾਟੇ ਨੂੰ ਲਾਹਾ ਸਮਝਨ,
ਡਿਠੀ ਰੀਤ ਪ੍ਰੀਤ ਦੇ ਦਾਨਿਆਂ ਦੀ।
ਛਡ ਮਹਿਲ ਜ਼ੁਲੇਖਾਂ ਦੇ ਵਾਂਗ ਕਈਆਂ,
ਪਾ ਲਈ ਰਾਹ ਅੰਦਰ ਝੁਗੀ ਕਾਨਿਆਂ ਦੀ।

ਵੇਖੇ ਹੈਣ ਮੈਂ ਭੀ ਪ੍ਰਹਿਲਾਦ ਵਰਗੇ,
ਕਿਸੇ ਪਿਆਰੇ ਦੇ ਨਾਮ ਨੂੰ ਜਪਣ ਵਾਲੇ।
ਠੰਢੇ ਹੋਏ ਮਰਦਾਨੇ ਦੇ ਲਈ ਵੇਖੇ,
ਤੇਲ ਕਿਸੇ ਦੀ ਯਾਦ ਵਿਚ ਤਪਣ ਵਾਲੇ।
ਪੰਡ ਕਿਸੇ ਦੇ ਪਿਆਰ ਦੀ ਚੁਕ ਸਿਰ ਤੇ,
ਬਾਲਕਪਨ ਅੰਦਰ ਵੇਖੇ ਖਪਣ ਵਾਲੇ।
ਸੂਹ ਕਿਸੇ ਦੀ ਅੰਬਰਾਂ ਤੀਕ ਲੈਂਦੇ,
ਵੇਖੇ ਤਾਰਿਆਂ ਵਿਚ ਮੈਂ ਛਪਣ ਵਾਲੇ।

---

† ਇਕ ਪਹਾੜੀ ਦਾ ਨਾਮ ਹੈ ਜਿਥੇ ਮਜਨੂੰ ਪਾਗਲ ਹੋਕੇ ਜਾ ਬੈਠਾ ਸੀ।

ਡਿਠੇ ਕਿਸੇ ਦੇ ਹੁਸਨ ਦੀ ਖਿਰ ਦੇ ਮੇਂ,
ਦਿਤੇ ਠੁੰਮਣੇ ਅੰਬਰਾਂ ਧਰਤੀਆਂ ਨੂੰ।
ਵਿਕਦਾ ਵੇਖਿਆ ਕਿਸੇ ਦੇ ਨਾਮ ਉਤੇ,
ਅਗੋ ਮੂਰਖਾਂ ਦੇ ਚਕਰਵਰਤੀਆਂ ਨੂੰ।

'ਡਠੇ ਕਿਸੇ ਦੇ ਜਲਵੇ ਦੀ ਸ਼ਮ੍ਹਾ ਉਤੇ।
ਕੋਹਤੂਰ ਜਿਹੇ ਸੜੇ ਪਤੰਗ ਹੋ ਕੇ।
ਉੱਡੇ ਖੰਜਰ ਪਿਆਰੇ ਦੀ ਡੋਰ ਉਤੇ,
ਸਰਮਦ ਜਿਹਾਂ ਦੇ ਸੀਸ ਪਤੰਗ ਹੋ ਕੇ।
ਕਿਸੇ ਪਰਦਾ ਨਸ਼ੀਨ ਦੀ ਵੀਹ ਅੰਦਰ,
ਪੂਜੇ ਏਕਣਾਂ ਕਈ ਮਲੰਘ ਹੋ ਕੇ।
ਚੋਲਾ ਖੱਲ ਦਾ ਵੀ ਲਾਹ ਕੇ ਤਨ ਉਤੋਂ,
ਬੈਠੇ ਸਾਮਹਣੇ ਨੰਗ ਧੜੰਗ ਹੋ ਕੇ।

ਡਿਗਿਆ ਕੋਡੇ ਦੀ ਚੁੰਝ ਤੇ–ਕਹਿਣ ਲਗਾ,
ਕਰੜੇ ਜ਼ੁਲਮ ਵੇਖੇ ਦਾਹੀਆਂ ਕੂਲੀਆਂ ਤੇ।
ਜਿਹੜੇ ਸ਼ਿਬਲੀ ਦਾ ਫੁੱਲ ਨਾ ਸਹਿ ਸਕੇ,
ਏਦਾਂ ਚੜ੍ਹੇ ਉਹ ਕਿਸੇ ਲਟੀ ਸੂਲੀਆਂ ਤੇ।

ਨੈਣ ਕਿਸੇ ਪਿਆਰੇ ਦੇ ਹੈਣ ਐਸੇ,
ਮਿਕਨਾਤੀਸ ਵਾਂਗੂ ਖਿਚ ਪਾਉਣ ਵਾਲੇ।
ਵੇਖੇ ਪ੍ਰੇਮ ਪਟਾਰੀ ਵਿਚ ਫੁਲ ਲੈ ਕੇ,
ਆਏ ਗ਼ਜ਼ਨੀਓਂ ਭੇਟ ਚੜ੍ਹਾਉਣ ਵਾਲੇ।
ਪਰਲੋ ਤੀਕ ਕਿਸੇ ਦੀ ਸੁੰਦਰਤਾ ਦ,
ਰੰਗ ਗਿਣਤੀਆਂ ਵਿਚ ਨਹੀਂ ਆਉਣ ਵਾਲੇ।
ਕਣਕ ਵਾਂਗ ਵੇਖੇ ਸੀਨਾ ਚਾਕ ਫਿਰਦੇ,
ਨਾਲ ਸੈਨਤਾਂ ਚਕੀ ਚਲਾਉਣ ਵਾਲੇ।

ਵੇਖ ਵੇਖ ਕੇ ਹੁਸਨ ਦੇ ਮੁਠਿਆਂ ਨੂੰ,
ਲਗ ਗਿਆ ਹੈ ਇਸ਼ਕ ਕਮਾਲ ਮੈਨੂੰ।
ਜੀਹਦੇ ਦੀਦ ਨ ਇਨ੍ਹਾਂ ਫਟਿਆ ਸੀ,
ਹੈ ਅਜ ਓਸ ਪਿਆਰੇ ਦੀ ਭਾਲ ਮੈਨੂੰ,

ਚੜ੍ਹਕੇ ਕਿਰਨਾਂ ਦੀ ਪਉੜੀ ਮੈਂ ਰੋਜ਼ ਦਿਨ ਨੂੰ,
ਨੀਲੀ ਜੱਤ ਉਤੇ ਚਲਿਆ ਜਾਵਨਾ ਹਾਂ।
ਲੈ ਕੇ ਬਾਂਸਰੀ ਪੌਣ ਦੇ ਬੁੱਲਿਆਂ ਦੀ,
ਪੀਆ ਪੀਆ ਦੇ ਗੀਤ ਮੈਂ ਗਾਵਨਾ ਹਾਂ।
ਰੱਸੀ ਰੇਸ਼ਮੀ ਰਿਸ਼ਮਾਂ ਦੀ ਪਕੜ ਕੇ ਤੇ
ਰਾਤੀਂ ਲੱਥ ਅਸਮਾਨ ਤੋਂ ਆਵਨਾ ਹਾਂ।
ਸ਼ੋਖ਼ ਅੱਖੀਆਂ ਵਾਲਾ ਓਹ ਕਿਤੋਂ ਲੱਭੇ,
ਲੁਕ ਲੁਕ ਝਾਤੀਆਂ ਸਾਰੇ ਹੀ ਪਾਵਨਾ ਹਾਂ।

ਝੁਰਮਟ ਵੇਖ ਕੇ ਬੁਲਬੁਲਾਂ ਭੌਰਿਆਂ ਦਾ,
ਮੈਂ ਇਹ ਜਾਣਿਆ ਸੀ ਏਥੇ ਹੋਵਣਾ ਏ।
ਪਰ ਮੈਂ ਭਾਗ ਨਿਖੁੱਟੇ ਨੂੰ ਕੀ ਆਖਾਂ,
ਲਿਖਿਆ ਲੇਖ ਵਿਚ ਇਥੇ ਵੀ ਰੋਵਣਾ ਏ।

ਸੁਣ ਕੇ ਓਹਦੀਆਂ ਗੱਲਾਂ ਮੈਂ ਕਿਹਾ ਮੁੜਕੇ,
ਤੇਰਾ ਬੋਲ ਨਾ ਮੈਨੂੰ ਕੋਈ ਜੱਚਿਆ ਏ।
ਬਾਜ਼ੀਗਰ ਵਾਂਗੂ ਚੜ੍ਹ ਕੇ ਵਾਸ ਉਤੇ,
ਐਡਾ ਮੂਰਖ ਨਾਚ ਨੂੰ ਨੱਚਿਆ ਏ।
ਓਹਦੀ ਜੋਤ ਨੂੰ ਚਿਤ ਚੋਂ ਲਭਣਾ ਸਾਈ,
ਜੀਹਦਾ ਜੋਗ ਅੰਦਰ ਗੋਗਾ ਮੱਚਿਆ ਏ।
ਅੰਦਰ ਦੁੱਧ ਦੇ ਹੁੰਦਾ ਏ ਤੇਜ ਜਿਵੇਂ,
ਏਕਣ ਹਰੀ ਓਹਰ ਵਿਚ ਰੱਚਿਆ ਏ।

ਜਿਵੇਂ ਵਗਦੀ ਰਾਤ ਦਿਨ ਜਗ ਅੰਦਰ,
ਪਰ ਨਹੀਂ ਦਿੱਸਦੀ ਕਦੀ ਹਵਾ ਸਾਨੂੰ।
ਏਸੇ ਤਰ੍ਹਾਂ ਓਹ ਥਾਂ ਥਾਂ ਵੱਸਦਾ ਈ,
ਆਵੇ ਨਜ਼ਰ ਨਾ ਪਾਕ ਖ਼ੁਦਾ ਸਾਨੂੰ।

ਤਾਣੇ ਬਾਣੇ ਜਹਾਨ ਦੇ ਤਣ ਤਣ ਕੇ,
ਉੱਖੜ ਗਿਆ ਸਭ ਉਮਰ ਦਾ ਸੂਤ ਤੇਰਾ।
ਭਰ ਗਈ ਸੀਸ ਵਿਚ ਵਾ ਤਕੱਬਰੀ ਦੀ,
ਫੁੱਲਿਆ ਬੁਲਬੁਲੇ ਵਾਂਗ ਕਲਬੂਤ ਤੇਰਾ।
ਓਸ ਇਕ ਨੇ ਤੈਨੂੰ ਕੀ ਲੱਭਣਾ ਏ,
ਪਰਦਾ ਦੂਈ ਦਾ ਦਿੱਸੇ ਸਬੂਤ ਤੇਰਾ।
ਕੱਚੇ ਜਗ ਦੇ ਕੱਚ ਲਈ ਕੱਚਿਆ ਓ,
ਹੀਰਾ ਜਨਮ ਏ ਗਿਆ ਅਕੂਤ ਤੇਰਾ।

ਕਿਸੇ ਕੋਠੜੀ ਦੀ ਵੜ ਕੇ ਨੁਕਰੇ ਜੇ,
ਓਹਦੀ ਯਾਦ ਦੇ ਵਿਚ ਖਲੋ ਜਾਂਦੋਂ!
'ਸ਼ਰਫ' ਸਿੱਪ ਵਾਲੇ ਤੁਪਕੇ ਵਾਂਗ ਤੂੰ ਭੀ,
ਕਿਉਂ ਨਾਂ ਸਾਫ ਸੁੱਚਾ ਮੋਤੀ ਹੋ ਜਾਂਦੋਂ।

❋

ਵੇ ਮੈਂ ਰਾਣੀ ਇਤਿਹਾਸ ਦੇ ਦੇਸ ਦੀ ਹਾਂ !

ਦੇਵੀ ਸੁਰਗ ਦੀ ਜਗਤ ਦੀ ਮਹਾਰਾਣੀ,
ਦਿਲਦੇ ਮਹਿਲ ਅੰਦਰ ਡੇਰਾ ਲੌਣ ਵਾਲੀ।
*ਖ਼ੁਮਰੇ ਵਾਂਗ ਜੋ ਗੁਟਕਦੀ ਵਿਚ ਗੱਲਾਂ,
ਵਾਂਗ ਕਲੀਆਂ ਦੇ ਬੁੱਲ੍ਹ ਮੁਸਕੌਣ ਵਾਲੀ।
ਅੱਖ ਬੰਦੇ ਦੀ ਸੱਜੀ ਫੁਰਕਾ ਕੇ ਤੇ,
ਮੁੱਖ †ਚੂਨੀਆਂ ਵਾਂਗ ਭਖੌਣ ਵਾਲੀ।
ਜੀਹਦੇ ਆਉਂਦਿਆਂ ਨੱਸਦੇ ਗ਼ਮ ਸਾਰੇ,
ਪੁਛੋ ਨਾਮ ਤੇ 'ਖੁਸ਼ੀ' ਸਦੌਣ ਵਾਲੀ।

ਘਟਾਂ ਬੰਨ੍ਹ ਕੇ ਅੱਜ ਉਸ਼ੇਰ ਵੇਲੇ,
ਮੇਰੇ ਦਿਲ ਉੱਤੇ ਕਿਤੋਂ ਆ ਗਈ ਸੀ।
ਹੱਸ ਹੱਸ ਕੇ ਫੁਲਾਂ ਦੇ ਵਾਂਗ ਮੇਨੂੰ,
ਚੇਟਕ ਬਾਗ਼ ਦੇ ਸੈਰ ਦੀ ਲਾ ਗਈ ਸੀ।

ਗਿਆ ਟਹਿਲਦਾ ਟਹਿਲਦਾ ਬਾਗ਼ ਅੰਦਰ,
ਜਾ ਕੇ ਫੁੱਲ ਅਡੋਲ ਇਕ ਤੋੜਿਆ ਮੈਂ।
ਲੱਖ ਨੌਂਹਗਰਾ ਮਾਰੀਆਂ ਕੰਡਿਆਂ ਨੇ,
ਖਾਲੀ ਹੱਥ ਨਾ ਪਿਛਾਂ ਨੂੰ ਮੋੜਿਆ ਮੈਂ
ਡਿੱਗਕੇ ਪੱਤੀਆਂ ਓਹਦੀਆਂਖਿੰਡ ਗਈਆਂ,
ਜਦੋਂ ਸੁੰਘਣਾ ਓਸ ਨੂੰ ਲੋੜਿਆ ਮੈਂ

---

*ਖ਼ੁਮਰਾ ਇਕ ਘੁੱਘੀ ਤੋਂ ਛੋਟਾ ਗੁਟਕਣ ਵਾਲਾ ਪੰਛੀ ਹੈ। †ਚੂਨੀਆਂ ਲਾਲ ਦੀ ਕਿਸਮ।

ਬੜੇ ਹਿਰਖ ਤੇ *ਮਨਖ ਨਾਲ ਮੁੜਕੇ,
ਇਕ ਇਕ ਖੰਭੜੀ ਨੂੰ ਫੜਕੇ ਜੋੜਿਆ ਮੈਂ।
ਓਹਨੂੰ ਆਖਿਆ ਦੱਸ ਤੂੰ ਮੂਰਖਾ ਓ,
ਵਿਗੜ ਚੱਲੀ ਸੀ ਸੁੱਘਿਆਂ ਸ਼ਾਨ ਤੇਰੀ ?
ਪਾਣ ਪੱਤ ਜਦ ਬੁਲਬੁਲਾਂ ਲਾਹੁੰਦੀਆਂ ਨੀ,
ਓਦੋਂ ਜਾਂਦੀ ਏ ਕਿੱਥੇ ਇਹ ਆਨ ਤੇਰੀ ?
ਅੱਗੋਂ ਓਸਨੇ ਦਿੱਤਾ ਜਵਾਬ ਮੈਨੂੰ,
ਟਾਹਣੀ ਵਾਲੜੇ ਤੋਂ ਪੁੱਛੀਂ ਹਾਲ ਸਾਰਾ।
ਓਥੋਂ ਉੱਠਕੇ ਗਿਆ ਮੈਂ ਓਸ ਵੱਲੇ,
ਜਾ ਕੇ ਕੱਢਿਆ ਦਿਲੀ ਉਬਾਲ ਸਾਰਾ।
ਹੰਝੂ ਡੇਗ ਤਰੇਲ ਦੇ ਅੱਖੀਆਂ ਚੋਂ
ਦੱਸਣ ਲਗਾ ਓਹ ਹਾਲ ਅਹਿਵਾਲ ਸਾਰਾ।
ਏਸੇ ਸ਼ੁਭ ਸੁਲੱਖਣੇ ਵਾਰ ਬਦਲੇ,
ਅਸਾਂ ਲੁਕ ਕੇ ਕੱਢਿਆ ਸਾਲ ਸਾਰਾ।
ਹੁਣੇ ਨਾਰ ਮੁਟਿਆਰ ਇਕ ਆਵਣੀਏ,
ਰਹਿੰਦੀ ਗੱਲ ਓਹ ਤੈਨੂੰ ਸਮਝਾ ਦਏਗੀ।
ਤੇਰੇ ਚਿੱਤ ਤੋਂ ਭਰਮ ਮਿਟਾ ਸਾਰਾ,
ਉੱਤੇ ਮੋਹਰ ਪਰਤੀਤ ਦੀ ਲਾ ਦਏਗੀ।
ਏਨੇ ਵਿਚ ਇਕ ਨੂਰ ਦੀ ਲੱਸ ਚਮਕੀ,
ਮੀਂਹ ਅੰਮ੍ਰਿਤ ਦਾ ਆਣਕੇ ਵਸਿਆ ਸੀ
ਵਗ ਵਗ ਪ੍ਰੇਮ ਦੇ ਬੁੱਲਿਆਂ ਨੇ,
ਖਬਰੇ ਬਾਗ ਦੇ ਕੰਨ ਕੀ ਦਸਿਆ ਸੀ।
ਗਿੱਧਾ ਮਾਰਿਆ ਕਲੀਆਂ ਤੇ ਪੱਤਰਾਂ ਨੇ,
ਟਾਹ ਟਾਹ ਕਰਕੇ ਫੁੱਲ ਹੱਸਿਆ ਸੀ।

---

*ਅਰਮਾਨ, ਹਸਰਤ।

ਮੁੱਦਾ ਕੀ ਕਿ ਬਾਗ ਨਿਵਾਸੀਆਂ ਲਈ,
ਤਰਨ ਤਾਰਨੋਂ ਆ ਗਈ ਮੱਸਿਆ ਸੀ।

ਆਦਰ ਨਾਲ ਸਿਹਾਰੀਆਂ ਵਾਂਗ ਹੋਕੇ,
ਸਭਨਾਂ ਟਾਹਣੀਆਂ ਸੀਸ ਨਿਵਾ ਦਿਤੇ।
ਤਰਸੇ ਹੋਏ ਉਡੀਕ ਵਿਚ ਘਾਹ ਨੇ ਭੀ,
ਨੇਤਰ ਮਖਮਲੀ ਫ਼ਰਸ਼ ਵਿਛਾ ਦਿਤੇ।

ਪ੍ਰਗਟ ਹੋਈ ਇਕ ਇਸਤ੍ਰੀ ਓਸ ਵੇਲੇ,
ਬਦਲ ਨੂਰ ਦੇ ਜੀਹਦੇ ਤੇ ਛਾਏ ਹੋਏ ਨੇ।
ਦਯਾ ਦਾਨ ਦੀ ਬਣੀ ਸੀ ਦੇਹ ਓਹਦੀ,
ਪਤੀਬਰਤ ਦੇ ਅੰਗ ਸਜਾਏ ਹੋਏ ਸਨ।
ਪਈ ਸਿਦਕ ਦੀ ਓਸ ਵਿਚ ਆਤਮਾ ਸੀ,
ਸੇਵਾ ਟਹਿਲ ਦੇ ਹੱਥ ਬਣਾਏ ਹੋਏ ਸਨ।
ਓਹਦਾ ਦਿਲ ਪਰੇਮ ਦਾ ਸਾਜਕੇ ਤੇ,
ਵਿਚ ਦੁੱਖੜੇ ਜੱਗ ਤੇ ਪਾਏ ਹੋਏ ਸਨ।

ਲਾਜ ਸ਼ਰਮ ਦੀ ਨੱਕ ਵਿਚ ਪਈ ਤੀਲੀ
ਮਥੇ ਚੰਦ ਹੈਸੀ ਰਾਜ਼ਧਾਨੀਆਂ ਦਾ।
ਦੇਸ਼ ਸੇਵਾ ਦੀ ਹੱਥ ਵਿਚ ਆਰਸੀ ਸੀ,
ਗਲੇ ਪਿਆ ਸੀ ਹਾਰ ਕੁਰਬਾਨੀਆਂ ਦਾ।

ਓਹਦੀ ਸੁੰਦਰਤਾ ਇਸ ਤਰ੍ਹਾਂ ਡੁੱਲਦੀ ਸੀ,
ਪਰਾਧੀਨਤਾ ਵਾਲੇ ਲਿਬਾਸ ਵਿਚੋਂ।
ਤੇਜ ਦੁੱਧ ਦਾ ਜਿਸ ਤਰ੍ਹਾਂ ਡੁੱਲ੍ਹਦਾ ਏ,
ਫੁੱਟ ਫੁੱਟ ਬਿਲੌਰੀ ਗਲਾਸ ਵਿਚੋਂ।

ਸੂਰਜ ਓਹਦੀ ਜਵਾਨੀ ਦਾ ਓਸ ਵੇਲੇ,
ਕਿਰਨਾਂ ਸੁੱਟਦਾ ਸੀ ਮੇਖ ਰਾਸ ਵਿਚੋਂ।
ਲਿਖਦਾ ਸਿਫ਼ਤ ਮੈਂ ਓਹਦੀਆਂ ਅੱਖੀਆਂ ਦੀ,
ਜੇਕਰ ਲੱਭਦੇ ਅੱਖਰ ਇਤਿਹਾਸ ਵਿਚੋਂ।

ਠੁਮਕ ਠੁਮਕ ਕੇ ਹੰਸ ਦੀ ਚਾਲ ਚੱਲੇ,
ਕਰ ਕਰ ਛੋਹਲੀਆਂ ਫੁੱਲ ਪਈ ਚੁੱਗਦੀ ਸੀ।
ਜਿੱਥੋਂ ਪੱਬ ਟਿਕਾ ਕੇ ਲੰਘ ਗਈ ਓਹ,
ਕਿਆਰੀ ਫੁੱਲਾਂ ਦੀ ਓਸ ਥਾਂ ਉਗਦੀ ਸੀ।

ਤੋੜ ਤੋੜ ਕੇ ਫੁੱਲਾਂ ਦਾ ਗੁਲਦਸਤਾ,
ਕੀਤਾ ਸ਼ੌਕ ਦੇ ਨਾਲ ਤਿਆਰ ਓਹਨੇ।
ਪੀਚ ਪੀਚ ਕੇ ਸ਼ਰਧਾ ਦੇ ਵਲ ਵਿਤ,
ਬੱਧੀ ਪਿਆਰ ਦੇ ਤਿੱਲੇ ਦੀ ਤਾਰ ਓਹਨੇ।
ਸੂਈ ਪਕੜ ਪ੍ਰੀਤ ਦੀ ਹੱਥ ਅੰਦਰ,
ਮਾਣ ਨਾਲ ਪ੍ਰੋਏ ਕੁਝ ਹਾਰ ਓਹਨੇ।
ਫੇਰ ਇਕ ਪਟਾਰ ਦੇ ਵਿਚ ਸਾਰਾ,
ਸਾਂਭ ਸੂਤ ਇਹ ਲਿਆ ਭੰਡਾਰ ਓਹਨੇ।

ਪਰ ਲੱਗ ਗਏ ਚਾ ਦੇ ਜਹੇ ਓਹਨੂੰ,
ਉੱਡਣ ਲਈ ਓਹ ਪਰੀ ਤਿਆਰ ਹੋ ਗਈ।
ਗੱਲ ਕਰਨ ਦੇ ਵਾਸਤੇ ਔਹੜਿਆ ਮੈਂ,
ਮੇਰੀ ਓਦ੍ਹੀ ਨਿਗਾਹ ਭੀ ਚਾਰ ਹੋ ਗਈ।

ਉਹਨੂੰ ਕਿਹਾ ਮੈਂ ਦੱਸ ਖਾਂ ਭਾਗਵਾਨੇ,
ਇਹ ਕੀ ਕੀਤੀਆਂ ਗੱਲਾਂ ਨਿਕਾਰੀਆਂ ਤੂੰ।

ਕੀਤਾ ਰੱਬ ਦਾ ਭਉ ਨ ਭੌਰਿਆਂ ਤੇ,
ਡੇਗ ਲਾ ਲਾ ਡੇਗੀਆਂ ਕਿਆਰੀਆਂ ਤੂੰ।
ਗਹਿਣਾ ਲਾਹ ਲਾਹ ਫੁੱਲਾਂ ਦੀ ਟਾਹਣੀਆਂ ਤੋਂ,
ਕਰ ਛੱਡੀਆਂ ਬੁੱਚੀਆਂ ਸਾਰੀਆਂ ਤੂੰ।
ਤੈਨੂੰ ਕਹਿਣਗੇ ਚਿੱਤ ਕੀ ਬੁਲਬੁਲਾਂ ਦੇ,
ਫੇਰ ਚੱਲੀ ਏਂ ਜਿਨ੍ਹਾਂ ਤੇ ਆਰੀਆਂ ਤੂੰ।

ਦੇਵੀ ਦਯਾ ਦੀ ਬਾਹਰੋਂ ਜਾਪਦੀ ਏਂ,
ਦਿੱਸੇ ਹੋਰ ਕੁਝ ਅੰਦਰੋਂ ਹਿੱਤ ਤੇਰਾ।
ਮਹਿੰਗੀ ਵਾਂਗ ਤੂੰ ਉੱਪਰੋਂ ਹਰੀ ਲੱਗੇਂ,
ਖ਼ੂਨੀ ਜਾਪਦਾ ਏ ਵਿਚੋਂ ਚਿੱਤ ਤੇਰਾ।

ਸਹਿਜ ਭਾ ਦੇ ਨਾਲ ਓਹ ਕੂਈ ਅੱਗੋਂ,
ਐਡਾ ਝੂਠ ਅਪਰਾਧ ਕਿਉਂ ਤੋਲਿਆ ਈ।
ਮੇਰੀ ਹਿੱਕ ਤੇ ਉੱਕਰੇ ਗਏ ਸਾਰੇ,
ਜੋ ਜੋ ਸੁਖ਼ਨ ਬਿਲੱਛਣਾ ਬੋਲਿਆ ਈ।
ਅੱਭਰ ਮੇਰੇ ਤੇ ਲਾਈ ਊ ਊਜ ਜੇੜ੍ਹੀ,
ਸੁਣਕੇ ਅਰਸ਼ ਦਾ ਕਿਗਰਾ ਡੋਲਿਆ ਈ।
ਲੀਰਾਂ ਬਾਝ ਨਹੀਂ ਹੋਰ ਕੁਝ ਲਗਾ ਲੱਭਣ,
ਐਵੇਂ ਖਿੱਦੋ ਉਧੇੜਕੇ ਫੋਲਿਆ ਈ।

ਜੇ ਤੂ ਮੂਰਖਾ ਮੈਨੂੰ ਨਾਂ ਜਾਣਦਾ ਸੈਂ,
ਮੇਰੀ ਸ਼ਕਲ ਤਾਂ ਵੇਖਣੀ ਚਾਖਣੀ ਸੀ।
ਜੇਕਰ ਚੁੱਪ ਕਰਕੇ ਨਹੀਂ ਸੈਂ ਰਹਿਣ ਜੋਗਾ,
ਮੂੰਹੋਂ ਗਲ ਤੇ ਜਾਚਕੇ ਆਖਣੀ ਸੀ ?

ਵੇ ਮੈਂ ਰਾਣੀ ਇਤਿਹਾਸ ਦੇ ਦੇਸ ਦੀ ਆਂ,
ਹਾੜ ਇਕ ਮਜ਼ੁਬ ਦੇ ਸ਼ੈਹਰ ਵਿਚ ਰਹਿਣ ਵਾਲੀ।
ਤਾਜ ਕਵਿਤਾ ਦਾ ਸੋਂਹਵਦਾ ਸੀਸ ਮੇਰੇ,
ਵੇ ਮੈਂ ਵਿਦਿਆ ਦੇ ਤਖਤ ਬਹਿਣ ਵਾਲੀ।
ਮੇਰੇ ਗੂੰਜਦੇ ਜਗ ਤੇ ਜ਼ਫਰਨਾਮੇ,
ਗਲਾਂ ਸਚੀਆਂ ਸ਼ਾਹਾਂ ਨੂੰ ਕਹਿਣ ਵਾਲੀ।
ਖੁਸ਼ੀ ਗ਼ਮੀ ਵਿਚ ਸੋਂਹਵਦੇ ਬੋਲ ਮੇਰੇ,
ਦੁਖ ਸੁੱਖ ਜਹਾਨ ਦੇ ਸਹਿਣ ਵਾਲੀ।

ਸੁੰਦਰ ਸੋਹਣਿਆਂ ਫੁੱਲਾਂ ਦਾ ਗੁਲਦਸਤਾ,
ਜੇਹੜਾ ਡਿਠਾ ਈ ਮਰੇ ਪਟਾਰ ਅੰਦਰ।
ਭੇਟਾ ਕਰਨ ਏ ਚਲੀ ਦਸਮੇਸ਼ ਦੀ ਮੈਂ,
ਸੱਚ ਖੰਡ ਦੇ ਖਾਸ ਦਰਬਾਰ ਅੰਦਰ।

ਹੋਰ ਹਾਰ ਜੋ ਵੇਖੇ ਨੀ ਕੋਲ ਮੇਰੇ,
ਏਹ ਮੈਂ ਓਨ੍ਹਾਂ ਦੇ ਸੀਸ ਚੜ੍ਹਾਵਣੇ ਨੇ।
ਜਿਨ੍ਹਾਂ ਦੇਵੀਆਂ ਦੇ ਏਸ ਜਗ ਉਤੇ,
ਪਰਲੋ ਤੀਕ ਲੋਕਾਂ ਗੀਤ ਗਾਵਣੇ ਨੇ।
ਦੀਪ ਕੌਰ ਦੀ ਕਰਾਂਗੀ ਕੁਝ ਭੇਟਾ,
ਮਾਈ ਭਾਗੋ ਦੇ ਗਲ ਕੁਝ ਪਾਵਣੇ ਨੇ।
ਸਾਹਿਬ ਕੌਰ ਨਾਲੇ ਧਰਮ ਕੌਰ ਨੂੰ ਭੀ,
ਬੜੀ ਸ਼ਰਧਾ ਦੇ ਨਾਲ ਪਹਿਨਾਵਣੇ ਨੇ।

ਬਲ, ਸਿਦਕ, ਸੇਵਾ ਪਤੀਬਰਤ ਅੰਦਰ,
ਪੇਨ ਹੌਂਸਲੇ ਸਨ ਇਨ੍ਹਾਂ ਬੀਬੀਆਂ ਦੇ।

ਫਿਤਰ ਮਾਰਕੇ ਮਾਇਆ ਦੇ ਮੂੰਹ ਉੱਤੇ,
ਕੀਤੇ ਸੱਥਰ ਮਨਜ਼ੂਰ ਗਰੀਬੀਆਂ ਦੇ।

ਗਲਾਂ ਉਹਦੀਆਂ ਸਾਰੀਆਂ ਸੁਣ ਸੁਣਕੇ,
ਮੈਨੂੰ ਚਤਰ ਚਲਾਕੀਆਂ ਭੁਲ ਗਈਆਂ।
ਆਦਰ ਨਾਲ ਮੈਂ ਸੀਸ ਨਿਵਾ ਦਿਤਾ,
ਲਤਾਂ ਬਾਹਾਂ ਵਿਚ ਖੁਸ਼ੀ ਦੇ ਫੁੱਲ ਗਈਆਂ।
ਮੋਤੀ ਖਿਲਰੇ ਜ਼ਿਮੀਂ ਤੇ ਹੰਝੂਆਂ ਦੇ,
ਅੱਖਾਂ ਵਾਲੀਆਂ ਡੱਬੀਆਂ ਡੁੱਲ੍ਹ ਗਈਆਂ।
ਆਕੇ ਫੇਰ ਇਕ ਤੇਜ ਦੀ ਲਸ ਚਮਕੀ,
ਓਧਰ ਅਰਸ਼ ਤੋਂ ਬਾਰੀਆਂ ਖੁਲ ਗਈਆਂ।

ਚੜ੍ਹ ਗਈ ਮਾਰ ਉਡਾਰੀਆਂ ਅੰਬਰਾਂ ਤੇ,
ਲੈਕੇ ਨਾਮ ਵਧਾਈ ਸਲਾਮ ਮੇਰਾ।
ਜਾਣ ਲਗੀ ਏਹ ਆਖ ਗਈ 'ਸ਼ਰਫ਼' ਮੈਨੂੰ,
ਹੈ 'ਪੰਜਾਬੀ ਕਵੀਸ਼ਰੀ' ਨਾਮ ਮੇਰਾ।

❋

ਮੱਕੇ ਜਾ ਜਾ ਸਾਸ ਮੁਕਾਏ ਨੇ ਮੈਂ !

ਦੁਨੀਆਂਦਾਰ ਇਕ ਭਗਤ ਨੂੰ ਕਹਿਣ ਲਗਾ,
ਜੇਕਰ ਬਿਨੈ ਇਕ ਕਰੋ ਮਨਜ਼ੂਰ ਐਵੇਂ।
ਤਾਂ ਮੈਂ ਹਿਰਦਿਓਂ ਹਾਲ ਕੁਝ ਖੋਲ੍ਹ ਦੱਸਾਂ,
ਵਲਾਂ ਛਲਾਂ ਦੇ ਬਿਨਾਂ ਹਜ਼ੂਰ ਐਵੇਂ।
ਉਹਨੇ ਕਿਹਾ:-ਗ੍ਰਹਸਤੀਆ ਮੂਰਖਾ ਓ !
ਬਹੁਤੇ ਸਾਡੜ ਨਾਂ ਅਕਲ ਸ਼ਊਰ ਐਵੇਂ।
ਅਸੀਂ ਕਿਸੇ ਵੀ ਚੀਜ਼ ਦੇ ਨਹੀਂ ਲੋਭੀ,
ਤੇਰਾ ਕਰਾਂਗੇ ਕਮ ਜ਼ਰੂਰ ਐਵੇਂ।

ਕਿਹਾ ਓਸਨੇ ਭਗਤ ਜੀ ਲਾਲ ਹੋ ਹੋ,
ਗੁੱਸੇ ਵਿਚ ਕਿਉਂ ਬਣੋਂ ਤੰਦੂਰ ਐਵੇਂ।
ਓਸ ਰੱਬ ਦਾ ਪਤਾ ਕੁਝ ਦੇਹ ਮੈਨੂੰ,
ਜਿਨੂੰ ਕੀਤਾ ਹੈ ਤੁਸਾਂ ਮਸ਼ਹੂਰ ਐਵੇਂ।

ਜਾ ਜਾ ਤੀਰਥੀਂ ਮੈਂ ਬੜੇ ਤੀਰ ਖਾਧੇ,
ਮੱਕੇ ਜਾ ਜਾ ਸਾਸ ਮੁਕਾਏ ਨੇ ਮੈਂ।
ਕਰ ਕਰ ਆਰਤੀ ਸੀਸ ਨੂੰ ਚੜ੍ਹੇ ਚੱਕਰ,
ਸਜਦੇ ਕਰਦਿਆਂ ਪੱਥਰ ਘਸਾਏ ਨੇ ਮੈਂ।
ਪਾਈ ਬੇੜੀ ਹਥਕੜੀ ਏ ਤਸਬੀਆਂ ਦੀ,
ਗਲ ਜੰਜੂ ਦੇ ਫਾਹੇ ਵੀ ਪਾਏ ਨੇ ਮੈਂ।

ਕਿਸੇ ਤਰ੍ਹਾਂ ਉਹ ਰੀਝਕੇ ਦਰਸ ਦੇਵੇ,
ਕਈ ਰੂਪ ਤੇ ਸਾਂਗ ਵਟਾਏ ਨੇ ਮੈਂ।

ਪਰ ਉਹ ਕਿਤੋਂ ਨਹੀਂ ਲਭਿਆ ਅਜ ਤੀਕਰ
ਹੋਇਆ ਪੈਂਡਿਆਂ ਵਿਚ ਹਾਂ ਚੂਰ ਐਵੇਂ।
ਬਣਿਆ ਵੇਦ ਕਤੇਬ ਤੇ ਪੋਥੀਆਂ ਦਾ;
ਰਿਹਾ ਰਾਤ ਦਿਨ ਸਗੋਂ ਮਜੂਰ ਐਵੇਂ।

ਰੱਬੀ ਭਗਤ ਨੇ ਉਹਨੂੰ ਇਹ ਕਿਹਾ ਅੱਗੋਂ,
ਗੁਰਾਂ ਵਾ ਬਾਝੋ ਕਦੀ ਭੁੱਲਦਾ ਨਹੀਂ।
ਦੁੱਧ ਜੰਮਦਾ ਕਦੀ ਨਹੀਂ ਜਾਗ ਬਾਝੋਂ,
ਸੁਪਨਾ ਨੀਂਦ ਬਾਝੋਂ ਕਦੀ ਖੁੱਲਦਾ ਨਹੀਂ।
ਮੀਂਹ ਬਾਝੋਂ ਨ ਪੁੰਗਰੇ ਰੁੱਖ ਬੂਟਾ,
ਮੁਲਕ ਸਤਨ ਬਾਝੋਂ ਕਦੀ ਹੁੱਲਦਾ ਨਹੀਂ।
ਚਾਨਣ ਵਿਚ ਹਨੇਰ ਨਹੀਂ ਦੂਰ ਹੁੰਦਾ,
ਬਿਨਾਂ ਪਾਣੀਓਂ ਕੱਪੜਾ ਧੁੱਲਦਾ ਨਹੀਂ।

ਜਿਵੇਂ ਬਿਨਾਂ ਮਲਾਹ ਦੇ ਨੌਂ ਵਿਚੋਂ
ਕੰਢੇ ਲੱਗਦਾ ਕਦੀ ਨਹੀਂ ਪੂਰ ਐਵੇਂ।
ਓਸੇ ਤਰ੍ਹਾਂ ਈ ਗੁਰੂ ਤੇ ਪੀਰ ਬਾਝੋਂ,
ਡਿਠਾ ਜਾਏ ਨਾਂ ਓਸ ਦਾ ਨੂਰ ਅਵੇਂ।

ਰੰਗ ਓਸ ਲਲਾਰੀ ਦੇ ਕੋਣ ਗਾਖੇ,
ਜਿਸਦੀ ਲੀਲ੍ਹਾ ਦਾ ਅੰਤ ਨਾਂ ਆਂਵਦਾ ਏ।
ਬਣਕੇ ਬੰਸੀ ਉਹ ਕਿਤੇ ਕ੍ਰਿਸ਼ਨ ਜੀ ਦੀ,
ਰਾਧਾਂ ਜਹੀਆਂ ਨੂੰ ਪਿਆ ਤੜਫਾਂਵਦਾ ਏ।

ਘਤਦੇ ਪਾਂਵਦਾ ਕਿਤੇ ਦਰੋਪਤੀ ਤੇ,
ਕਿਤੇ ਥੰਮ੍ਹ ਚੋਂ ਦਰਸ਼ ਦਿਖਾਂਵਦਾ ਏ।
ਕਿਤੇ ਜਟ ਦੀ ਅੜੀ ਤੇ ਉੜ ਉੜ ਕੇ,
ਭੋਜਨ ਪੱਥਰ ਨੂੰ ਪਿਆ ਖੁਆਂਵਦਾ ਏ।

ਕਿਤੇ ਭਗਤ 'ਸਿੰਗੀ' ਜਹੇ ਰਿਖੀਆਂ ਦ,
ਦੇਵੇ ਡੋਬ ਤਪੱਸਿਆ ਦੇ ਪੂਰ ਐਵੇਂ।
ਕਿਧਰੇ ਸਜਨ ਜਿਹੇ ਠਗਾਂ ਦਾ ਬਣ ਸੱਜਨ,
ਕਰਦਾ ਭਗਤੀਆਂ ਨ ਲ ਭਰਪੂਰ ਐਵੇਂ।

ਕੀਤੇ ਵੈਦ ਦੇ ਫਟ ਨਾ ਹੋਣ ਅੱਛੇ,
ਫੱਟੇ ਹੋਏ ਜੋ ਓਸ ਬਾਣ ਦੇ ਨੇ।
ਪੋਰੀ ਪੋਰੀ ਕਟਵਾ ਕੇ ਦੇਹ ਪਿਆਰੀ,
ਮੌਜ ਓਸ ਦੀ ਗਲੀ ਵਿਚ ਮਾਣਦੇ ਨੇ।
ਕਈ ਓਸ ਨੂੰ ਜਗ ਦੀਆਂ ਕੁਹਮਤਾਂ ਚੋਂ,
ਚੜ੍ਹ ਕੇ ਚਰਖੀਆਂ ਉਤੇ ਪਛਾਣਦੇ ਨੇ।
ਤੱਤੀ ਲੋਹ ਨੂੰ ਕਈ ਉਹਦੀ ਦੀਦ ਬਦਲੇ,
ਸੇਜ ਸੁਰਗ ਦੇ ਫੁੱਲਾਂ ਦੀ ਜਾਣਦੇ ਨੇ।

ਐਪਰ ਰਹਿਬਰੋਂ ਬਾਝ ਜੇ ਲੱਭ ਜਾਂਦਾ,
ਉਹਦੇ ਮਿਲਣ ਦਾ ਰਾਹ ਦਸਤੂਰ ਐਵੇਂ।
ਮੋਰ-ਛਲਕਿਉਂ ਝੱਲਦਾ ਕਦੀ ਬਾਲਾ,
ਫੜਦਾ ਕਿਉਂ ਮਰਦਾਨਾ ਤੰਬੂਰ ਐਵੇਂ ?

ਉਹਦੇ ਹੁਸਨ ਦਾ ਦਾਰੂ ਏ ਤੇਜ ਐਸਾ,
ਆਸ਼ਕ ਵੇਂਹਦਿਆਂ ਸਾਰ ਬੇਹੋਸ਼ ਹੁੰਦਾ।

ਸੀਸ ਕਿਸੇ ਦਾ ਉੱਡਦਾ ਵਾਂਗ ਖਿੱਦੋ,
ਵੱਖ ਕਿਸੇ ਦੇ ਪਿੰਡ ਤੋਂ ਪੋਸ਼ ਹੁੰਦਾ।
ਔਭੜ ਜੱਗ ਤੇ ਲੂਤੀਆਂ ਲਾਣ ਜਿਉਂ ਜਿਉਂ,
ਤਿਉਂ ਤਿਉਂ ਦੂਣਾ ਇਸ਼ਕ ਦਾ ਜੋਸ਼ ਹੁੰਦਾ।
ਮੋਤੀ ਭੇਦ ਦਾ ਸਾਂਭਕੇ ਰੱਖਦਾ ਉਹ,
ਜਿਹੜਾ ਸੱਪ ਵਾਂਗੂੰ ਪੜਦਾ ਪੋਸ਼ ਹੁੰਦਾ।

ਫਤਵਾ ਦਸਕੇ ਸ਼ਰ੍ਹਾ ਮੁਹੰਮਦੀ ਨੇ,
ਸੂਲੀ ਚਾੜ੍ਹਿਆ ਨਹੀਂ ਮਨਸੂਰ ਐਵੇਂ।
ਓਸ ਫੁੱਲ ਅਦੁੱਤੀ ਦੀ ਵਾਸ਼ਨਾ ਨੂੰ,
ਖੇਹਲਣ ਲਗਾ ਸੀ ਵਾਂਗ ਕਾਫ਼ੂਰ ਐਵੇਂ।

ਓਹਨੂੰ ਚੌਧਵੀਂ ਰਾਤ ਦੇ ਚੰਨ ਵਾਂਗੂੰ,
ਸਾਵਾਂ ਸਾਰੇ ਜਹਾਨ ਦਾ ਪੱਖ ਹੋਵੇ।
ਭਾਵੇਂ ਸ਼ਾਹੀ ਮਹੱਲ ਦੀ ਹੋਏ ਬੂਬੀ,
ਭਾਵੇਂ ਕਿਸੇ ਦੀ ਝੁੱਗੀ ਦਾ ਕੱਖ ਹੋਵੇ।
ਉਹਦੇ ਜ਼ੱਰੇ ਨੂੰ ਕਦੀ ਜੇ ਚੁਭੇ ਛਿਲਤਰ,
ਅੰਨ੍ਹੀ ਗ੍ਰਹਿਣ ਵਿਚ ਸੂਰਜ ਦੀ ਅੱਖ ਹੋਵੇ।
ਨਹੀਂ ਉਹ ਹੇਜਲਾ ਸੱਯਦਾਂ ਬਰਾਮ੍ਹਣਾਂ ਦਾ,
ਨਾਂ ਉਹ ਸ਼ੂਦਰਾਂ ਨਾਲੋਂ ਹੀ ਵੱਖ ਹੋਵੇ।

ਜਾਤ ਪਾਤ ਦੀਆਂ ਸੋਹਲ ਪਰਾਮ੍ਹਲਾਂ ਦਾ,
ਬੈਠੇ ਆਹਲਣੇ ਘੱਤ ਮਗਰੂਰ ਐਵੇਂ।
ਝੱਖੜ ਮੌਤ ਦੇ ਇਕੋ ਹੀ ਭੌਇ ਅੰਦਰ,
ਓੜਕ ਰੋਲਣੇ ਨੇ ਵਾਂਗਰ ਬੂਰ ਐਵੇਂ।

ਪਤਾ ਓਸ ਹਰ ਥਾਂਵ ਦਾ ਕੀ ਪੁੱਛੇ,
'ਹਰ' ਹਰ ਅੰਦਰ ਓਹੋ ਟਹਿਕਦਾ ਏ।
ਕਿਤੇ ਫੁੱਲ ਬਣਕੇ ਝੂਟੇ ਟਹਿਣੀਆਂ ਤ,
ਬਣਕੇ ਵਾਸ਼ਨਾਂ ਕਿਤੇ ਉਹ ਮਹਿਕਦਾ ਏ।
ਕਿਤੇ ਭੌਰਾਂ ਦੇ ਵਿਚ ਏ ਮਸਤ ਫਿਰਦਾ,
ਕਿਤੇ ਬੁਲਬੁਲਾਂ ਵਿੱਚ ਉਹ ਚਹਿਕਦਾ ਏ।
ਕਿਤੇ ਦੀਵਿਆਂ ਵਿਚ ਪ੍ਰਕਾਸ਼ ਕਰਦਾ,
ਕਿਤੇ ਭੰਬਟਾ ਵਿਚ ਓਹ ਸਹਿਕਦਾ ਏ।

'ਸ਼ਰਫ' ਉਹਨੂੰ ਸੁਜਾਖਿਆਂ ਕੌਣ ਆਖੇ,
ਉਹਦੇ ਮੱਥੇ ਜੋ ਮੜ੍ਹੇ ਕਸੂਰ ਐਵੇਂ।
ਉਹ ਤੇ ਘੰਡੀਓਂ ਵੀ ਨੇੜੇ ਵੱਸਦਾ ਏ,
ਮੂਸਾ ਢੂੰਡਦਾ ਫਿਰੇ ਕੋਹ-ਤੂਰ ਐਵੇਂ।

'ਸ਼ਰਫ਼' ਵੇਖਕੇ ਬਾਗ ਵਿਚ ਸ਼ਾਮ ਕਾਲੀ

ਭਰਿਆ ਨੂਰ ਤੇ ਨਾਰ ਦਾ ਥਾਲ ਫੜਕੇ,
        ਜੋਗੀ ਉਤਰ ਹਿਮਾਲਾ ਤੋਂ ਔਣ ਵਾਲਾ।
'ਧੁਪ-ਛਾਂ' ਦੇ ਕੱਪੜੇ ਪਾ ਤਨ ਤੇ,
        ਮੱਥੇ ਤਿਲਕ ਪਰਕਾਸ਼ ਦਾ ਲੌਣ ਵਾਲਾ।
ਮਾਲਾ ਕਿਰਨਾਂ ਦੀ ਪਕੜਕੇ ਹੱਥ ਅੰਦਰ,
        ਘਰੋ ਘਰੀ ਜਾ ਅਲਖ ਜਗੌਣ ਵਾਲਾ।
ਇੱਕੋ ਅੱਖ ਜੋ ਵੇਖਦਾ ਸਾਰਿਆਂ ਨੂੰ,
        ਮੁਲਕ ਮੁਲਕ ਵਿਚ ਝਾਤੀਆਂ ਪੌਣ ਵਾਲਾ।
    ਖੇਨੂੰ ਨੂਰ ਦਾ ਨੀਲ ਦਰਿਆ ਅੰਦਰ,
    ਰੋੜ੍ਹ ਪਿਆ ਜਾ ਲਹਿੰਦੇ ਵਿਚ ਡੁਬ ਗਿਆ।
    ਥੱਲੇ ਥੱਲੇ ਹੀ ਨਿਘਰਦਾ ਗਿਆ ਕਿਧਰੇ,
    ਐਸੀ ਜਿੱਲ੍ਹਣ ਅੰਦਰ ਜਾਕੇ ਖੁੱਭ ਗਿਆ।
ਘੁੰਡ ਮਲਕੜੇ ਲਾਹਕੇ ਸ਼ਾਮ ਪਿਆਰੀ,
        ਮੁਖ ਸਾਂਵਲਾ ਆਣ ਵਿਖਾਲਿਆ ਏ।
ਛਿਪਿਆ ਦਿਨ ਤਿਕਾਲਾਂ ਦੇ ਹੋਏ ਦਰਸ਼ਨ,
        ਰਾਮ ਸ਼ਾਮ ਦਾ ਰੂਪ ਵਟਾ ਲਿਆ ਏ।
ਏਸ ਸਾਂਵਲੀ ਸਾਂਵਲੀ ਇਸਤਰੀ ਨੇ,
        ਜਾਦੂ ਜੱਗ ਤੇ ਇਸ ਤਰ੍ਹਾਂ ਪਾ ਲਿਆ ਏ।
ਜਿਵੇਂ ਇੰਦਰ ਨੂੰ ਜ਼ੁਲਫ਼-ਸੁੰਘਾ ਕੇ ਤੇ,
        ਨੀਲਮ ਪਰੀ ਨੇ ਮਸਤ ਬਣਾ ਲਿਆ ਏ।

ਲਟਬਾਵਰੀ ਕਾਲੋਂ ਦੀ ਸ਼ਾਹੀ ਕੀਤੀ,
ਖੋਲ੍ਹ ਖੋਲ੍ਹਕੇ ਲਿਟਾਂ ਖਿਲਾਰੀਆਂ ਨੇ ;
ਐਰੀਂ ਐਰਾਂ ਦਾ ਕੱਜਲਾ ਸ਼ਾਮ ਲੈਕੇ,
ਮਸਤ ਨੈਣਾਂ ਵਿਚ ਖਿੱਚੀਆਂ ਧਾਰੀਆਂ ਨੇ।
ਟਾਵੇਂ ਟਾਵੇਂ ਸਤਾਰਿਆਂ ਲਿਸ਼ਕ ਮਾਰੀ,
ਯਾ ਏ ਦੀਵੇ ਅਸਮਾਨ ਤੇ ਜਗ ਪਏ ਨੇ।
ਊਦੀ ਕਾਸ਼ਨੀ ਨੀਲੀ ਜ਼ਮੀਨ ਉਤੇ,
ਯਾ ਏ ਹੀਰਿਆਂ ਦੇ ਡਿੰਗ ਨਗ ਪਏ ਨੇ।
ਮੋਟੇ ਮੋਟੇ ਗਲੇਡੂ ਵਗਾਕ ਯਾ,
ਅੰਬਰ ਹੁਰੀਂ ਬੁਝਾਵਦੇ ਅੱਗ ਪਏ ਨੇ।
ਨਿਕਲਨ ਲੱਗੀ ਭੜਾਸ ਜ਼ਮੀਨ ਦੀ ਭੀ,
ਸੀਨੇ ਦੋਹਾਂ ਦੇ ਹੁਣ ਠਰਨ ਲਗ ਪਏ ਨੇ।
ਲਗੇ ਮਾਨਣ ਸੁਹਾਗ ਦੀ ਰਾਤ ਕੋਈ,
ਭਾ ਕਈਆਂ ਦੇ ਬਿਰਹੋਂ ਦਾ ਸੋਗ ਹੋਇਆ।
ਏਧਰ ਰਾਤ ਦਿਨ ਘੁੱਟਕੇ ਪਾਈ ਜੱਫੀ,
ਚਕਵੇ ਚਕਵੀ ਨੂੰ ਓਧਰ ਵਿਯੋਗ ਹੋਇਆ।
ਰੰਗ ਰੱਤੜੀ ਨੀਂਦ ਵਿਚ ਮੱਤੜੀ ਨੇ,
ਗੱਲਾਂ ਕੀਤੀਆਂ ਰੰਗ ਰੰਗੀਲੀਆਂ ਨੇ।
ਲਾਲੀ ਹੱਥਾਂ ਦੀ ਦਸਕੇ ਅੰਬਰਾਂ ਤੋਂ,
ਬਾਲ ਛਡੀਆਂ ਘਰਾਂ ਵਿਚ ਤੀਲੀਆਂ ਨੇ।
ਕੀਤੇ ਫ਼ਰਸ਼ ਦਰਿਆਈ ਦੇ ਦੀਵਿਆਂ ਨੇ,
ਰਿਸ਼ਮਾਂ ਛਡੀਆਂ ਲਾਲ ਤੇ ਪੀਲੀਆਂ ਨੇ।
ਜੋਬਨ ਯਾਰ ਦਾ ਡੁਲਦਾ ਵੇਖਕੇ ਤੇ,
ਓਧਰ ਆਸ਼ਕਾਂ ਨੇ ਜਾਨਾਂ ਹੀਲੀਆਂ ਨੇ।
ਪੀਚੇ ਹੋਏ ਪ੍ਰੇਮ ਦੇ ਪੇਚ ਅੰਦਰ,
ਨਿਕੇ ਨਿਕੇ ਜੇਹੇ ਖੰਭ ਖਿਲਾਰ ਆਏ।

ਲਾਟ ਬੱਤੀ ਦੀ ਪਿਆਰ ਦੀ ਡੋਰ ਬਣ ਗਈ,
ਉੱਡਣ ਲਗੇ 'ਪਤੰਗ' ਹਜ਼ਾਰ ਆਏ।
ਤੋੜ ਕੇ ਗਮਾਂ ਦਾ ਪਿਆ ਤਰੇਲ ਨੂੰ ਭੀ,
ਘੁੰਡ ਵਿਚ ਚੋਰੀ ਗੋਰੀ ਰੋਣ ਲਗੀ।
ਜੇਹੜੇ ਸਾਗਰਾਂ ਵਿਚੋਂ ਭੀ ਲਭਦੇ ਨਹੀ,,
ਉਨ੍ਹਾਂ ਮੋਤੀਆਂ ਦੀ ਬਰਖਾ ਹੋਣ ਲਗੀ।
ਤਾਪ ਜਿਨ੍ਹਾਂ ਨੂੰ ਧੁੱਪ ਦਾ ਚੜ੍ਹ ਗਿਆ ਸੀ,
ਅੰਮ੍ਰਿਤ ਉਨ੍ਹਾਂ ਦੇ ਮੂੰਹ ਵਿਚ ਚੋਣ ਲਗੀ।
ਹੋਦੀਆਂ ਗੋਰੀਆਂ ਚਿਟੀਆਂ ਦੁੱਧ ਵਾਂਗੂ,
ਸੋਮੇਂ ਪਾਣੀ ਏ ਕਲੀਆਂ ਨੂੰ ਧੋਣ ਲਗੀ।
ਕੁਝ ਤੇ ਖਿਲਰੇ ਮਖਮਲੀ ਫਰਸ਼ ਉੱਤੇ,
ਮੋਤੀ-ਪੱਤਰਾ ਲਾਏ ਕੁਝ ਝਾਲਰਾਂ ਨੂੰ।
ਰਹਿੰਦੇ ਕਲੀਆਂ ਨੇ ਹਾਰ ਤਿਆਰ ਕੀਤੇ,
ਬਾਕੀ ਫੁਲਾਂ ਨੇ ਟਾਂਕ ਲਏ ਕਾਲਰਾਂ ਨੂੰ।
ਭਾਵੇਂ ਦੌਲਤ ਕਾਰੂੰ ਦੀ ਖਰਚ ਕਰੀਏ,
ਔਖੀ ਸਿਫ਼ਤ ਹੈ ਸ਼ਾਮ ਦੇ ਪਹਿਣਿਆਂ ਦੀ।
ਤੁਬਕੇ ਤੁਬਕੇ ਵਿਚ ਦਿਸਦੇ ਨੇ ਚੰਦ ਤਾਰੇ,
ਪਏ ਝਲਕ ਜਦ ਓਸਦੇ ਗਹਿਣਿਆਂ ਦੀ।
ਦਿਲਾ ਚਲ ਹੁਣ ਵੇਖੀਏ ਲੁਟਣ ਮੌਟੀ,
ਬਾਗਾਂ ਪਲੀਆਂ ਵਿਚ ਖੁਸ਼-ਰਹਿਣਿਆਂ ਦੀ।
ਲੈਂਪ ਬਿਜਲੀ ਦੇ ਖੀਸਿਆਂ ਵਿਚ ਪਾਕੇ,
ਨਿਕਲੀ ਸੈਰ ਨੂੰ ਫੌਜ ਟਟਹਿਣਿਆਂ ਦੀ।
'ਸ਼ਰਫ਼' ਵੇਖਕੇ ਬਾਗ ਵਿਚ ਸ਼ਾਮ ਕਾਲੀ,
ਮੈਨੂੰ ਨਾਮਾ ਐਮਾਲ ਦਾ ਯਾਦ ਆਯਾ।
ਕਲੀਆਂ ਵਾਂਗ ਚੁਪਕੀਤੜਾ ਗਿਆ ਸਾਂ ਮੈਂ,
ਕਰਦਾ ਬੁਲਬੁਲਾਂ ਵਾਂਗ ਫਰਿਆਦ ਆਯਾ।

ਅੱਜ ਮੈਂ ਪਾਣੀਓਂ ਵੀ ਪਤਲੀ ਹੋਈ ਹੋਈ ਆਂ

ਇੰਦਰਪੁਰੀ ਦੀ ਸੀਤਲਾ ਮਹਾਂਰਾਣੀ,
ਠੰਢ ਜ਼ਿਮੀਂ ਦੇ ਕਾਲਜੇ ਪੌਣ ਵਾਲੀ।
ਨੂਰਾਂ ਪਰੀ ਓਹ ਨੂਰ ਦਾ ਭਰੀ ਹੋਈ,
ਸਾਰੇ ਜੱਗ ਨੂੰ ਦਰਸ ਦਿਖੌਣ ਵਾਲੀ।
ਲੀੜੇ ਰੇਸ਼ਮੀ-ਰਿਸ਼ਮਾਂ ਦੇ ਪਹਿਨ ਪੱਚਰ,
ਨਖਰੇ ਨਾਲ ਅਸਮਾਨ ਤੋਂ ਔਣ ਵਾਲੀ।
ਚੌਦਾਂ ਸਾਲ ਦੀ ਨਿੱਤਰੀ ਦੁੱਧ ਵਾਂਗੂ,
ਚੰਨੋਂ ਚੌਧਵੀਂ ਰਾਤ ਸਦੌਣ ਵਾਲੀ।

ਆਕੇ ਬੈਠ ਗਈ ਦੁਨੀਆਂ ਦੇ ਤਖਤ ਉਤੇ,
ਸਿਕਾ ਆਪਣਾ ਸਾਰੇ ਚਲੌਣ ਲਗੀ।
ਕਿਰਨਾਂ ਸੁੱਟ ਹਨੇਰੇ ਤੇ ਨੂਰ ਦੀਆਂ,
ਗਲਤ ਅਖਰਾਂ ਵਾਂਗ ਮਿਟੌਣ ਲਗੀ।

ਜਲਵੇ ਕੁਦਰਤੀ ਸੁੱਟਕੇ ਜ਼ਿਮੀਂ ਉੱਤੇ,
ਕੰਧਾਂ ਕੋਠਿਆਂ ਨੂੰ ਨੂਰੋ-ਨੂਰ ਕੀਤਾ।
ਕਿਰਨਾਂ ਤਿਰਛੀਆਂ ਬਰਛੀਆਂ ਮਾਰਕੇ ਤੇ,
ਸਾਰਾ ਕੁਫਰ ਹਨੇਰੇ ਦਾ ਦੂਰ ਕੀਤਾ।

ਨਜ਼ਰਾਂ ਪਿਆਰੀਆਂ ਮਾਰੀਆਂ ਜਿਸ ਪਾਸੇ,
ਇਕ ਇਕ ਜ਼ੱਰੇ ਨੂੰ ਪਕੜ *ਕੋਹਤੂਰ ਕੀਤਾ।
ਪਾਈ ਠੰਢ ਬਹਿਸ਼ਤਾਂ ਦੀ ਹੂਰ ਐਸੀ,
ਸੂਰਜ ਵਾਲਾ ਵੀ ਠੰਢਾ ਤਨੂਰ ਕੀਤਾ।

ਸ਼ੋਖ ਅੱਖ ਵਿਖਾਲਕੇ-ਚੰਦ ਖਾਤਰ,
ਲੁੱਟੀ ਹੋਸ਼ ਅਸਮਾਨ ਤੇ ਸਾਰਿਆਂ ਦੀ।
ਟੇਢੀ ਕਿਰਨਾਂ ਦੀ ਪਗੜ ਸਤਾਰ ਬਾਂਕੀ;
ਮਧਮ ਕੀਤੀ ਸੀ ਲੋਅ ਸਤਾਰਿਆਂ ਦੀ।
ਐਡੀ ਤਬ੍ਹਾ ਦੀ ਤੇਜ਼ ਲਡਿੱਕੜੀ ਇਹ;

ਜਾ ਜਾ ਪਾਣੀ ਦੇ ਜਿਗਰ ਵਿਚ ਧਸਦੀ ਸੀ।
ਐਡੀ ਬੇ-ਪ੍ਰਵਾਹ-ਸਿਰ-ਲੱਥ ਚੰਚਲ,
ਬੀਆਬਾਨ ਵਿਚ ਨੱਚਦੀ ਹੱਸਦੀ ਸੀ।
ਐਡੀ ਸ਼ੋਖ ਪਹਾੜਾਂ ਦੇ ਸਿਰ ਚੜ੍ਹਕੇ,
ਪਈ ਹੁਸਨ ਵਾਲੇ ਨਖਰੇ ਦੱਸਦੀ ਸੀ।
ਐਡੀ ਲਾਜਵੰਤੀ-ਗੂਹੜੇ ਸਤਰ ਵਾਲੀ,
ਸੂਰਜ ਦੇਵਤੇ ਤੋਂ ਡਰਦੀ ਨੱਸਦੀ ਸੀ।

ਖਹਿੰਦੀ ਜਾਂਦੀ ਸੀ ਬੂਟਿਆਂ ਨਾਲ ਕਿਧਰੇ,
ਕਿਤੇ ਛੇੜਦੀ ਕਾਨਿਆਂ ਕਾਹੀਆਂ ਨੂੰ।
ਕਿਤੇ ਮਕਰ ਦਾ ਜਾਲ ਖਲਾਰਕੇ ਤੇ,
ਫੌਂਹਦੀ ਪਈ ਸੀ ਭੋਲਿਆਂ ਰਾਹੀਆਂ ਨੂੰ।

---

*ਤੂਰ ਉਹ ਪਹਾੜ ਹੈ, ਜਿਥੇ ਮੂਸਾ ਪੈਗੰਬਰ ਨੂੰ ਰਬ ਦਾ ਨੂਰੀ ਦੀਦਾਰ ਹੋਇਆ ਸੀ।

ਠੰਢੇ-ਠਾਰ ਫੁਹਾਰੇ ਨੇ ਅੰਬਰਾਂ ਤੋਂ,
ਛੱਟੇ ਮਾਰ ਸੰਸਾਰ ਨਿਹਾਲ ਕੀਤਾ।
ਜਿਹੜਾ ਯਾਰ ਸੀ ਯਾਰ ਦੇ ਕੋਲ ਬੈਠਾ,
ਓਹਨੂੰ ਵਸਲ ਅੰਦਰ ਮਾਲਾਮਾਲ ਕੀਤਾ।
ਜਿਹੜਾ ਅਗੇ ਵਿਛੋੜੇ ਦਾ ਮਾਰਿਆ ਸੀ,
ਬੁਰਾ ਓਸਦਾ ਏਸਨੇ ਹਾਲ ਕੀਤਾ।
ਕਿਰਨਾਂ ਸੁੱਟਕੇ ਓਸਦੀ ਹਿੱਕ ਉਤੇ,
ਜ਼ਖਮੀ ਕਾਲਜਾ ਨੇਜ਼ਿਆਂ ਨਾਲ ਕੀਤਾ।

ਏਸੇ ਚਾਨਣੀ-ਚਾਨਣੀ—ਰਾਤ ਠੰਢੀ,
ਦਿਲਤੇ ਜਿਗਰ ਸਨ ਸਾਰੇ ਹੀ ਸਾੜ ਦਿਤੇ।
ਘੂਰ-ਘੂਰਕੇ ਅੰਬਰੋਂ ਤਾਰਿਆਂ ਨੇ,
ਮੇਰੇ ਸੀਨੇ ਦੇ ਜ਼ਖਮ ਉਘਾੜ ਦਿਤੇ।

ਲੋਕਾਂ ਵਾਸਤੇ ਚਾਨਣੀ ਚੰਦ ਘਲੀ,
ਮੇਰੇ ਲਈ ਹਨੇਰ ਇਹ ਘਲ ਦਿਤਾ।
ਵੇਲਾ ਬੀਤਿਆ ਯਾਦ ਕਰਾ ਮੈਨੂੰ,
ਮਾਰ ਨਸ਼ਤਰਾਂ ਕਾਲਜਾ ਸੱਲ ਦਿਤਾ।
ਰੱਸਾ ਰੇਸ਼ਮੀ—ਰਿਸ਼ਮਾਂ ਦਾ ਵਟਕੇ ਤੇ,
ਮੇਰੇ ਗਲੇ ਅੰਦਰ ਸੌ-ਸੌ ਵਲ ਦਿਤਾ।
ਦਰਦਾਂ ਮਲਿਆ ਮੈਂ ਮਰ—ਚਲਿਆ ਸਾਂ,
ਆਕੇ ਬਾਗ ਦੀ ਯਾਦ ਨੇ ਠੱਲ੍ਹ ਦਿਤਾ।

ਦਿਲ ਨੂੰ ਪਕੜਕੇ ਨਿਕਲਿਆ ਘਰ ਰੋਂਦਾ,
ਸਾਰੇ ਰਾਹ ਅੰਦਰ ਗਿਣਦਾ ਦਾਗ ਆਯਾ।
ਜਿਥੇ ਮਜ਼ੇ ਪਿਆਰ ਦੇ ਲੁਟਦਾ ਸਾਂ,
ਮੇਰੀ ਕਿਸਮਤ ਨੂੰ ਅਗੋਂ ਉਹ ਬਾਗ ਆਯਾ।

ਕਿਤੇ ਬੈਠਿਆ, ਉਠਿਆ, ਟਹਿਲਿਆ ਮੈਂ,
ਕਿਤੇ ਫੁੱਲਾਂ ਦੇ ਕੋਲ ਖਲੋ ਗਿਆ ਸਾਂ।
ਕਦੀ ਓਸ ਪਾਸੇ, ਕਦੀ ਏਸ ਪਾਸੇ,
ਕਦੀ ਡੰਡੀ ਦੇ ਮੋੜ ਤੇ ਹੋ ਗਿਆ ਸਾਂ।
ਔਧਰ ਜਾ ਚੰਬੇਲੀ ਦੇ ਫੁਲ ਤੋੜੇ,
ਏਧਰ ਚੰਬੇ ਦੀ ਸੁੰਘ ਖੁਸ਼ਬੋ ਗਿਆ ਸਾਂ।
ਫੇਰ ਚਾਰ ਉਲਾਂਘ ਮੈਂ ਪਿਛਾਂ ਆਇਆ,
ਜੇਕਰ ਅਗ੍ਹਾਂ ਵਲੋ ਕਦਮ ਦੋ ਗਿਆ ਸਾਂ।

ਬਾਗ ਵਿਚ ਵੀ ਘਾਹ ਤੇ ਬੂਟਿਆਂ ਤੇ,
ਲਾਈ ਹੋਈ ਬਹਾਰ ਸੀ ਚਾਨਣੀ ਨੇ।
ਪੌਡਰ ਨੂਰਾਂ ਦਾ ਫੁੱਲਾਂ ਤੇ ਧੂੜਿਆਂ ਸੀ,
ਛਾਣ ਛਾਣ ਅਸਮਾਨ ਦੀ ਛਾਨਣੀ ਨੇ।

ਠੰਡੀ ਚਾਨਣੀ-ਰਾਤ ਦੀ ਖੁਸ਼ੀ ਅੰਦਰ,
ਕਿਤੇ ਚੜ੍ਹੀਆਂ ਗੁਲਾਬ ਨੂੰ ਲਾਲੀਆਂ ਸਨ।
ਨਹੀਂ ਸਨ ਚੋਏ ਤਰੇਲ ਦੇ ਪੱਤੀਆਂ ਤੇ,
ਭਰੀਆਂ ਮੋਤੀਆਂ ਨਾਲ ਇਹ ਥਾਲੀਆਂ ਸਨ।
ਜਦੋਂ ਬੁੱਲੇ ਹਵਾ ਦੇ ਆਂਵਦੇ ਸਨ;
ਕਲੀਆਂ ਮੂੰਹਾਂ ਤੋਂ ਲੌਂਹਦੀਆਂ ਜਾਲੀਆਂ ਸਨ।
ਚੁੰਮਣ ਵਾਸਤੇ ਫੁਲਾਂ ਦੇ ਮੂੰਹ ਸੁੰਦਰ,
ਝੁਕ ਝੁਕ ਦੂਹਰੀਆਂ ਹੁੰਦੀਆਂ ਜਾਂਦੀਆਂ ਸਨ।

ਖਿੜ ਖਿੜਮੋਤੀਆ ਹਸਿਆ ਜਦੋਂ ਪਿਆਰਾ,
ਹੈਸੀਚਮਕ ਐਸੀ ਇਕ ਇਕ ਦੰਦ ਅੰਦਰ।

ਤਾਰੇ ਟੁਟਕੇ ਜ਼ਿਮੀਂ ਤੇ ਆਣ ਡਿਗੇ,
ਲਗੇ ਦਾਗ ਅਸਮਾਨਾਂ ਦੇ ਚੰਦ ਅੰਦਰ।

ਸੂਰਜ ਮੁਖੀ ਦੇ ਫੁਲ ਪਏ ਵੇਖਦੇ ਸਨ,
ਕਿਤੇ ਨਰਗਸ ਬੀਮਾਰ ਨੂੰ ਝੁਕ ਝੁਕ ਕੇ।
ਦਾਗ *'ਲਾਲਾਂ'ਦੇ'ਨਰਗਸ'ਪਈ ਵੇਖਦੀ ਸੀ,
ਕਿਤੇ ਅੱਖਾਂ ਸ਼ਰਮੀਲੀਆਂ ਚੁਕ ਚੁਕ ਕੇ।
ਕਿਤੇ ਸੋਸਨ ਪਈ ਚੰਤੇ ਨੂੰ ਦਸਦੀ ਸੀ,
ਰੰਗ ਮਿਸੀਆਂ ਦਾ ਨੇੜੇ ਢੁਕ ਢੁਕ ਕੇ।
ਕਿਤੇ ਕਲੀ ਰਵੇਲ ਦੀ ਤਾੜਦੀ ਸੀ,
ਮੋਲਸਰੀ ਦੇ ਫੁੱਲਾਂ ਨੂੰ ਲੁਕ ਲੁਕ ਕੇ:

ਵਾਲਾਂ ਵਿਚ ਹਵਾ ਦੀ ਫੇਰ ਕੰਘੀ,
ਕਿਤੇ ਸੁੰਬਲ ਨੇ ਜ਼ੁਲਫਾਂ ਸਵਾਰੀਆਂ ਸਨ।
ਕਿਤ ਸੁੰਬਲ ਪਿਆਰੀ ਨੂੰ ਫੰਨ੍ਹ ਬਦਲੇ,
ਇਸ਼ਕ ਪੇਂਹੇ ਨੇ ਫਾਹੀਆਂ ਖਲਾਰੀਆਂ ਸਨ।

ਓਥੇ ਹੋਰ ਕੋਈ ਨਜ਼ਰ ਨਾਂ ਪਿਆ ਮੈਨੂੰ,
ਵੇਂਹਦਾ ਰਿਹਾ ਮੈਂ ਕਲਾ ਨਜ਼ਾਰਿਆਂ ਨੂੰ।
ਖੜੇ ਸਰੂ ਸ਼ਮਸ਼ਾਦ ਉਡੀਕਦੇ ਸਨ,
ਓਥੇ ਆਪਣੇ ਆਪਣੇ ਪਿਆਰਿਆਂ ਨੂੰ।
ਆਯਾ ਯਾਦ ਪਿਆਰ ਜਾਂ ਬੁਲਬੁਲਾਂ ਦਾ,
ਸੂਲਾਂ ਵੱਜੀਆਂ ਫੁੱਲਾਂ ਵਿਚਾਰਿਆਂ ਨੂੰ।
ਫੜਕੇ ਨੀਂਦ ਦਾ ਮੀਰ ਸ਼ਕਾਰ ਕਿਧਰੇ,
ਲੈ ਗਿਆ ਸੀ ਆਸ਼ਕਾਂ ਸਾਰਿਆਂ ਨੂੰ।

ਕੀਤਾ ਕਹਿਰ ਸੀ ਜਿਹਦੇ ਤੇ ਚਾਨਣੀ ਨੇ,
ਆਸ਼ਕ ਇਕ ਮੈਂ ਓਸ ਥਾਂ ਹੋਰ ਡਿੱਠਾ।
‡ਲੇਲੀ ਮੰਜਨੂੰ ਦੇ ਬੂਟੇ ਦੇ ਹੇਠ ਜਾ ਕੇ,
ਜਾਨ ਤੋੜਦਾ ਸੁੰਦਰ ਚਕੋਰ ਡਿੱਠਾ।
ਉਹਨੂੰ ਚੁੱਕ ਫੁਹਾਰੇ ਤੇ ਆ ਗਿਆ ਮੈਂ
ਲਹੂ ਓਸਦੀ ਚੁੰਝ ਤੋਂ ਚੋਣ ਲੱਗਾ।
ਮਿੱਟੀ ਝਾੜਕੇ ਓਹਦਿਆਂ ਪਰਾਂ ਉੱਤੋਂ,
ਪਾਣੀ ਓਸਦੇ ਮੂੰਹ ਵਿਚ ਚੋਣ ਲੱਗਾ।
ਵੇਖ ਵੇਖ ਕੇ ਓਸ ਨੂੰ ਮੱਛੀਆਂ ਦਾ,
ਜੀਣਾ ਜਿਗਰ ਕਬਾਬ ਸੀ ਹੋਣ ਲੱਗਾ।
ਛਾਲੇ ਦਿਲ ਦੇ ਬੁਲਬੁਲੇ ਤੋੜਦੇ ਸਨ,
ਫੁੱਟ ਫੁੱਟ ਫੁਹਾਰਾ ਵੀ ਰੋਣ ਲੱਗਾ।
ਜਲਵਾ ਚੰਦ ਦਾ ਵੇਂਹਦਿਆਂ ਵੇਂਹਦਿਆਂ ਈ,
ਤੜਫ ਤੜਫ ਕੇ ਅੰਤ ਉਹ ਹਾਰ ਗਿਆ।
ਸੱਚਾ ਇਸ਼ਕ ਚਕੋਰ ਦਾ ਵੇਖਿਆ ਮੈਂ,
ਜਾਨ ਯਾਰ ਦੇ ਕਦਮਾਂ ਤੋਂ ਵਾਰ ਗਿਆ।
ਓਸ ਦੁੱਖ ਦੇ ਮਾਰੇ ਦੀ ਲਾਸ਼ ਉੱਤੇ,
ਜੇਬੋਂ ਕੱਢ ਰੁਮਾਲ ਮੈਂ ਪਾ ਦਿਤਾ।
ਬੂਟਾ ਲਭ †'ਸੁਖਚੈਨ' ਦਾ ਇਕ ਪਾਸੇ,
ਜਾਕੇ ਓਸਦੇ ਹੇਠਾਂ ਦਬਾ ਦਿਤਾ।
ਐਨੇ ਫੁੱਲ ਚੜ੍ਹਾਏ ਮੈਂ *ਚਾਨਣੀ ਦੇ,
ਉਹਦੀ ਕਬਰ ਨੂੰ ਵਿੱਚੇ ਲੁਕਾ ਦਿਤਾ।

---

‡ਇਕ ਤਰਾਂ ਦਾ ਬੂਟਾ ਏ।
† ਇਹ ਭੀ ਇਕ ਸੁਹਣਾ ਬੂਟਾ ਈ ਏ।
*'ਚਾਨਣੀ' ਨਾਮ ਦਾ ਇਕ ਸੁੰਦਰ ਫੁੱਲਾਂ ਵਾਲਾ ਬੂਟਾ ਹੁੰਦਾ ਏ।

ਦੀਵੇ ਕੁਦਰਤੀ ਅੱਲਾ ਨੇ ਬਾਲ ਘੱਲੇ,
ਆ ਕੇ ਮੇਲਾ ਟਟਹਣਿਆਂ ਲਾ ਦਿਤਾ।

ਬੈਠਾ ਉਹਦੇ ਸਰ੍ਹਾਣੇ ਮਜ਼ੋਰ ਬਣਕੇ,
ਗੱਲ ਹੁਸਨ ਤੇ ਇਸ਼ਕ ਦੀ ਸਚਦਾ ਸਾਂ।
ਨੀਵਾਂ ਧੌਣ, ਖਿਆਲ ਸੀ ਅਰਸ਼ ਉੱਤੇ,
ਤਿੜਾਂ ਤੋੜਦਾ, ਜ਼ਿਮੀਂ ਖਰੋਚਦਾ ਸਾਂ।

ਖ਼ੁੱਜੀ ਦੁਖ ਦੀ ਹੋਰ ਇਕ ਚਾਂਗ ਨਿਕਲੀ,
ਜਿਹਨੂੰ ਸੁਣਦਿਆਂ ਸਾਰ ਮੈਂ ਮੁਕ ਗਿਆ।
ਸੜੀ ਹੋਈ ਸੀ ਦਰਦ ਦੇ ਨਾਲ ਅਸੀ,
ਸੁਣਕੇ ਪਾਣੀ ਫੁਹਾਰੇ ਦਾ ਸੁੱਕ ਗਿਆ।
ਸਹਿਮ ਨਾਲ ਸਾਰੇ ਹੋ ਗਏ ਫੁੱਲ ਗੁੱਛਾ,
ਮੂੰਹ ਟਾਹਣੀਆਂ ਦਾ ਥੱਲੇ ਝੁੱਕ ਗਿਆ।
ਪੈ ਗਈ ਭਾਂਜ ਅਸਮਾਨ ਤੇ ਤਾਰਿਆਂ ਨੂੰ,
ਚੰਨ ਬਦਲੀ ਦੇ ਹੇਠਾਂ ਲੁੱਕ ਗਿਆ।

ਨਹੀਂ ਸੀ ਚੰਗ ਓਹ, ਝੰਮਣੀ ਅੱਗ ਦੀ ਸੀ,
ਜਾ ਕੇ ਅੰਬਰਾਂ ਨੂੰ ਜਿਹਨੇ ਡੰਬਿਆ ਸੀ।
*ਰਾਹੂ-ਕੇਤੂ ਪਿਛਾਹਾਂ ਨੂੰ ਉੱਠ ਨੱਸੇ,
ਜਿਗਰਾ ਮੰਗਲ ਸਨੀਚਰ ਦਾ ਕੰਬਿਆ ਸੀ।
ਮੈਨੂੰ ਚਿਤ ਦੇ ਵਿਚ ਖਿਆਲ ਆਇਆ,
ਇਹ ਵੀ ਦੁਖੀ ਕੋਈ ਮੇਰੇ ਨਾਲ ਦਾ ਏ।

---

*ਰਾਹੂ ਕੇਤੂ ਦੋ ਸਤਾਰੇ ਹਨ, ਜਿਨ੍ਹਾਂ ਦੀ ਚਾਲ ਪੁੱਠੀ ਹੈ।

ਵਿੱਛੜ ਗਿਆ ਏ ਇਹਦਾ ਵੀ ਯਾਰ ਖ਼ਬਰੇ,
ਤਦੇ ਢਾਂਢਰੀ ਆਹਾਂ ਦੀ ਬਾਲਦਾ ਏ।
ਚੱਲੋ ਚੱਲਕੇ ਪੁੱਛੀਏ ਸਾਰ ਇਹਦੀ,
ਮਹਿਰਮ ਲਭਦਾ ਆਪਣੇ ਹਾਲ ਦਾ ਏ।
ਦੇਕੇ ਡਾਢ ਕਲੇਜੇ ਨੂੰ ਤੁਰ ਪਿਆ ਮੈਂ,
ਆਖ਼ਿਰ ਲਭ ਲੈਂਦਾ, ਜਿਹੜਾ ਭਾਲਦਾ ਏ।

ਬੂਟੇ *'ਹਾਰ ਸ਼ਿੰਗਾਰ' ਦੇ ਹੇਠ ਵੇਖੀ.
ਇਕ ਉੱਜੜੀ ਨਾਰ ਮੁਟਿਆਰ ਬੈਠੀ।
ਦੁੱਖ ਕੋਲ ਖਲੋਤੇ ਪਏ ਹਸਦੇ ਸਨ,
ਓਹ ਪਈ ਰੋਂਵਦੀ ਸੀ ਜ਼ਾਰੋ ਜ਼ਾਰ ਬੈਠੀ।

ਓਹਨੂੰ ਕਿਹਾ ਮੈਂ 'ਦੱਸ ਤੂੰ ਭਾਗਵਾਨੇ,
ਕੀ ਕੁਝ ਮਾਪਿਆਂ ਰੱਖਿਆ 'ਨਾ' ਤੇਰਾ ?
ਬੈਠੀ ਬਾਗ਼ ਅੰਦਰ ਕੱਲੀ ਰੋਵਨੀ ਏਂ,
ਰਿਹਾ ਜੱਗ ਤੇ ਕੋਈ ਨਹੀਂ ਥਾਂ ਤੇਰਾ ?
ਵਾਸਾ ਸ਼ਹਿਰ ਦਾ ਤੈਨੂੰ ਹੀ ਭਾਂਵਦਾ ਨਹੀਂ,
ਵੈਰੀ ਹੋਯਾ ਯਾ ਸ਼ਹਿਰ ਗਿਰਾਂ ਤੇਰਾ ?
ਧਾੜ ਜ਼ੁਲਮ ਦੀ ਕਿੱਧਰੋਂ ਪਈ ਤੈਨੂੰ,
ਕਿਸੇ ਹਾਕਮ ਨਹੀਂ ਕੀਤਾ ਨਿਆਂ ਤੇਰਾ ?

ਲੋ ਦੀਪਕ ਦੀ ਰਖਦੇ ਵੈਣ ਤੇਰੇ,
ਅੱਗ ਫੁਲਾਂ ਦੇ ਸੀਨੇ ਤੇ ਬਾਲਨੀ ਏਂ,

---

* ਇਕ ਤਰ੍ਹਾਂ ਦਾ ਬੜਾ ਮਹਿਕਦਾਰ ਫੁੱਲਾ ਦਾ ਬੂਟਾ ਏ।

ਖਾਰੇ ਸੇਮਿਆਂ ਦਾ ਪਾਣੀ ਪਾ ਪਾ ਕੇ,
ਕਾਹਨੂੰ ਨਰਗਸੀ ਅੱਖੀਆਂ ਗਾਲਨੀ ਏਂ ?'

ਕਹਿਣ ਲਗੀ ਉਹ 'ਦਸਾਂ ਮੈਂ ਕੀ ਤੈਨੂੰ ?
ਬੜੀ ਦੁਖਾਂ ਦੇ ਮੂੰਹ ਵਿਚ ਢੋਈ ਹੋਈ ਆਂ।
ਫਿਰਾਂ ਸਾਸ ਵਿਰੋਲਦੀ ਜੱਗ ਉਤੇ,
ਜੀਊਂਦੀ ਜਾਣ ਨਾ ਵਿਚੋਂ ਮੈਂ ਮੋਈ ਹੋਈ ਆਂ।
ਹੱਥੀਂ ਲੋਰੀਆਂ ਜਿਨ੍ਹਾਂ ਨੂੰ ਰਹੀ ਦੇਂਦੀ,
ਉਹਨਾਂ ਵਾਸਤੇ ਅੱਜ ਮੈਂ 'ਕੋਈ' ਹੋਈ ਹਾਂ।
ਉਂਜ ਤੇ ਪੰਜ ਦਰਿਆਵਾਂ ਦੀ ਹਾਂ ਮਾਲਕ,
ਅਜ ਮੈਂ ਪਾਣੀਓਂ ਵੀ ਪਤਲੀ ਹੋਈ ਹੋਈ ਆਂ।

ਮੂਠਾਂ ਮੀਟ ਕੇ ਨੁਕਰੇ ਹਾਂ ਬੈਠੀ,
ਟੁਟੀ ਹੋਈ ਸਤਾਰ ਰਬਾਬੀਆਂ ਦੀ।
ਪੁਛੀ ਵਾਤ ਨਾ ਜਿਨ੍ਹਾਂ ਨੇ 'ਸ਼ਰਫ਼' ਮੇਰੀ,
ਵੇ ਮੈਂ 'ਬੋਲੀ' ਹਾਂ ਉਹਨਾਂ ਪੰਜਾਬੀਆਂ ਦੀ।

ਕੰਡੇ ਮੁਸ਼ਟੰਡੇ ਬੁਰੇ ਛੁਰੇ ਨੂੰ ਕੋਈ ਛੇੜਦਾ ਨਾ।

ਫੁਲ ਨੂੰ ਸਵੇਰੇ ਅਜ ਬਾਗ ਅੰਦਰ ਆਖਿਆ ਮੈਂ,
ਤੇਰੀ ਜੇਹੀ ਨਾ ਜਗ ਵਿਚ ਕਿਸੇ ਤੇ ਬਹਾਰ ਹੋਵੇ।
ਵਾ ਨਾਲ ਹਿਲ ਜੁਲ ਹੰਝੂ ਕੇਰਕੇ ਤੇਲ ਵਾਲੇ,
ਕਹਿਣ ਲਗਾ ਸੁਣ-'ਸ਼ੁਰੂ ਦੁਖਾਂ ਵਾਲੀ ਵਾਰ ਹੋਵੇ।
ਜੰਮ ਅਜੇ ਚੁਕਦਾ ਨਹੀਂ ਸੁਕਦਾ ਨਹੀਂ ਨੀਰ ਮੇਰਾ,
ਸੇਜ ਪਹਿਲੋਂ ਕੰਡਿਆਂ ਦੀ ਮੇਰੇ ਲਈ ਤਿਆਰ ਹੋਵੇ।
ਤੈਨੂੰ ਓਦੋ ਸੁਤਿਆਂ ਵਿਗੁਤਿਆਂ ਨਹੀਂ ਹੋਸ਼ ਹੁੰਦੀ,
ਧੱਮੀ ਵੇਲੇ ਧੱਫਿਆਂ ਦੀ ਜਦੋਂ ਮੈਨੂੰ ਮਾਰ ਹੋਵੇ।
ਧੱਫਿਆਂ ਦੇ ਨਾਲ ਹੋਵੇ ਵਾਲ ਵਾਲ ਲਾਲ ਮੇਰਾ,
ਸੋਹਲ ਤੇ ਮਲੂਕ ਪਿੰਡੇ ਮਾਰ ਨਾ ਸਹਾਰ ਹੋਵੇ।
ਜੇ ਮੈਂ ਭੁਲਾਂ ਹਿਲਾਂ ਜੁਲਾਂ ਐਧਰ ਓਧਰ ਜ਼ਰਾ ਹੋਵਾਂ,
ਅਗੋਂ ਨੇਜ਼ਾ ਮਾਰਨ ਨੂੰ ਤਿਆਰ ਪਹਿਰੇਦਾਰ ਹੋਵੇ।
ਫਿੱਤੀ ਫਿੱਤੀ ਜਦੋਂ ਹੋਵਾਂ ਲੋਕੀਂ ਆਖਣ ਹੱਸਦਾ ਏ,
ਦਿਲ ਮੇਰਾ ਰੋਂਦਾ ਪਿਆ ਵਿਚੋਂ ਜ਼ਾਰੋ ਜ਼ਾਰ ਹੋਵੇ।
ਸੂਰਤ ਨਾਂ ਸੰਭਾਲਾਂ ਤੁਰਤ ਆਸ਼ਕਾਂ ਦੇ ਜਥੇ ਲੱਥਣ,
ਲੈ ਕ ਚੁੰਝਾਂ ਤਿਖੀਆਂ ਨੂੰ ਤੇਜ ਆਰ ਪਾਰ ਹੋਵੇ।
ਲਾਹੁਣ ਪਾਣ ਪਤ-ਪਤਿ ਰੋਲ ਤੇ ਘਚੋਲ ਛੱਡਣ,
ਮੇਰੀ ਮੌਤ, ਓਹਨਾਂ ਦਾ ਇਹ ਲਾਡ ਤੇ ਪਿਆਰ ਹੋਵੇ।
ਕਾਲੇ ਮੂੰਹ ਵਾਲੇ ਆਣ ਕਈ ਦਵਾਲੇ ਹੁੰਦੇ,
ਰੂਪ ਚੂਪ ਲੈਂਦੇ ਜੇਹੜਾ ਜੋਬਨ ਦਾ ਸ਼ਿੰਗਾਰ ਹੋਵੇ।

ਸੂਰਜ ਜੇਹਾ ਸੂਰਮਾ ਵੀ ਮੇਰੇ ਤੇ ਚੜ੍ਹਾਈ ਕਰਦਾ,
ਨਾਲ ਨੇਜ਼ੇ ਵਾਲਿਆਂ ਦੀ ਫੌਜ ਬੇਸ਼ੁਮਾਰ ਹੋਵੇ।
ਰਚ ਰਚ ਔਕੜਾਂ ਦੇ ਵਿਚ ਜੇ ਮੈਂ ਬਚ ਜਾਵਾਂ,
ਅਗੋਂ ਸੁਣੀ ਹੋਰ ਮੇਰੇ ਨਾਲ ਕੀ ਕਾਰ ਹੋਵੇ।
ਤੋੜਕੇ ਫੁਲੇਰਾ ਮੇਰਾ ਸੀਨਾ ਸੂਈ ਨਾਲ ਵਿੰਨ੍ਹੇ,
ਹਾਰ ਜਾਂਦੇ ਲੋਖ ਜਦੋਂ ਫੇਰ ਮੇਰਾ ਹਾਰ ਹੋਵੇ।
ਇਕੋ ਰਾਤ ਮੌਜ ਮਾਣੀ ਗਲੇ ਕਿਸੇ ਲਾ ਲਿਆ ਜੇ,
ਦਿਨੇ ਫੇਰ ਰੂੜੀਆਂ ਤੇ ਮਿਟੀ ਤੇ ਪਈ ਖਵਾਰ ਹੋਵੇ।
ਜਦੋਂ ਜਾਵਾਂ ਸੁੱਕ ਤੇ ਕੋਈ ਥੁੱਕਦਾ ਨਹੀਂ ਮੂੰਹ ਉਤੇ,
ਓਦੋਂ ਮੇਰਾ ਚੁਕਣਾ ਭੀ ਮਣਾਂ ਮੂੰਹੀਂ ਭਾਰ ਹੋਵੇ।
ਏਥੋਂ ਭੀ ਜੇ ਬਚ ਜਾਵਾਂ ਪਾਵਾਂ ਹੋਰ ਦੁਖ ਬਹੁਤੇ,
ਹੋਵਾਂ ਫੱਟੀ ਹੱਟੀ ਦੀ ਤੇ ਸਾਹਮਣੇ ਅਤਾਰ ਹੋਵੇ।
ਡੋਬ ਮੈਨੂੰ ਪੈਣ ਜਦੋਂ ਰੂਹ ਮੇਰਾ ਖਿਚਦੇ ਨੇ,
ਮੈਂ ਤੇ ਹੋਵਾਂ ਗਰਕ ਮੇਰਾ ਅਰਕ ਅੰਮ੍ਰਿਤਧਾਰ ਹੋਵੇ।
ਬੰਦ ਬੰਦ ਗਾਲ ਦੇਂਦੇ ਤਾਂ ਮੈਂ ਗੁਲਕੰਦ ਹੋਵਾਂ,
ਹੁੰਦੀ ਏ-ਬੀ ਮਾਰ ਜਦੋਂ ਰਾਜ਼ੀ ਤਾਂ ਬੀਮਾਰ ਹੋਵੇ।
ਦੱਸਾਂ ਤੈਨੂੰ ਅਤਰ ਮੇਰਾ ਕਿਹੜੇ ਵਤਰ ਨਾਲ ਕੱਢਣ,
ਹੇਠਾਂ ਮੇਰੇ ਨਰਕ ਵਾਲੀ ਬਾਲੀ ਹੋਈ *ਨਾਰ ਹੋਵੇ।
ਕੈਡੇ ਮੁਸ਼ਟੰਡੇ ਬੁਰੇ ਛੁਰੇ ਨੂੰ ਕੋਈ ਛੇੜਦਾ ਨਾਂ,
'ਸ਼ਰਫ਼' ਮੇਰੇ ਵਰਗਿਆਂ ਤੇ ਜ਼ੁਲਮ ਕਈ ਹਜ਼ਾਰ ਹੋਵੇ।

---

*ਅੱਗ

ਕੰਙੇ ਦਾ ਗਿਲਾ !

ਪਿਛੋਂ ਰੋਵੇਂਗਾ ਵੇਖ ਲਈਂ ਨੈਣ ਭਰ ਭਰ !

ਰਹਿਕੇ ਕਠਿਆਂ ਬਾਗ ਦੇ ਵਿਚ ਫੁੱਲਾਂ,
ਵਾਹ ਏ ਚੰਗੀਆਂ ਯਾਰੀਆਂ ਘੋਲੀਆਂ ਨੀ।
ਸੂਹਣਾ ਦਿਤਾ ਏ ਤਤਕਰਾ ਰਾਖੀਆਂ ਦਾ,
ਭੀਤ ਭੀਤ ਦੀਆਂ ਬੋਲੀਆਂ ਬੋਲੀਆਂ ਨੀ।
ਤੁਬਕੇ ਸੁਟ ਤਰੇਲ ਦੇ ਸੜੇ ਹੋਏ,
ਹਾਇ ਇਹ ਸੀਨੇ ਵਿਚ ਮਾਰੀਆਂ ਗੋਲੀਆਂ ਨੀ।
ਰੰਗ ਰੱਤਿਆ ਜੋਬਨਾਂ ਮਤਿਆਂ ਓ,
ਮੇਰੇ ਖੂਨ ਵਿਚ ਖੇਡੀਆਂ ਹੋਲੀਆਂ ਨੀ।

ਬਦਲੇ ਦੁੱਧ ਦੇ ਲਹੂ ਚੁੰਘਾ ਕੇ ਤੇ,
ਤੇਨੂੰ ਪਾਲਿਆ ਪੋਸਿਆ ਘੁੰਨਿਆਂ ਓ;
ਅਜ ਤੂੰ ਵਾਂਗ ਕੋਲੇ ਲਾਲੋ ਲਾਲ ਹੋਕੇ,
ਮੇਰੇ ਜਿਗਰ ਕਲੇਜੇ ਨੂੰ ਭੁੰਨਿਆ ਓ।

ਚਾਕਰ ਮੁੱਢ ਕਦੀਮ ਦਾ ਮੈਂ ਤੇਰਾ,
ਕੁੱਛੜ ਚੁਕਕ ਤੇਨੂੰ ਖਿਡਾਉਣ ਵਾਲਾ।
ਤੇਰੇ ਵੱਲ ਜੋ ਉਂਗਲੀ ਕਰੇ ਕੋਈ,
ਓਹਦੇ ਲਹੂ ਦੇ ਵਿਚ ਹਾਂ ਨ੍ਹਾਉਣ ਵਾਲਾ।

ਮੇਰੇ ਜੀਉਂਦਿਆਂ ਬਾਗ ਦੇ ਵਿਚ ਤੈਨੂੰ,
ਕਿਹੜਾ ਜੰਮਿਆਂ ਏ ਹੱਥ ਲੌਣ ਵਾਲਾ।
ਜੇਕਰ ਸੱਚੀ ਨਿਤਾਰਕੇ ਪੁੱਛਣਾ ਏਂ,
ਚਿੜਕੇ ਤੇਰੇ ਤੋਂ ਜਾਨ ਗਵੌਣ ਵਾਲਾ।

ਮੇਰੇ ਦਮ ਦੇ ਨਾਲ ਹੀ ਜੱਗ ਅੰਦਰ,
ਏਹ ਸਭ ਮਿਲੀ ਹੋਈ ਏ ਆਦਰ ਭਾ ਤੈਨੂੰ।
ਪਿੱਛੋਂ ਰੋਵੇਂਗਾ ਵੇਖ ਲਈਂ ਨੈਣ ਭਰ ਭਰ,
ਆਈ ਯਾਦ ਜਦ ਮੇਰੀ ਵਫ਼ਾ ਤੈਨੂੰ।

ਚੱਲ ਖੂਹ ਤੇ ਪੈਲੀਆਂ ਵੇਖ ਤਾਂ ਸਹੀ,
ਕਰਦਾ ਰਾਖੀਆਂ ਜਿੱਥੇ ਮੈਂ ਥੱਕਦਾ ਨਹੀਂ।
ਜੇੜ੍ਹੇ ਬੰਨੇ ਤੇ ਨੌਕਰੀ ਹੋਵੇ ਮੇਰੀ,
ਓਧਰ ਪਸ਼ੂ ਭੀ ਕਦੀ ਕੋਈ ਤੱਕਦਾ ਨਹੀਂ।
ਵਿਚਲਾ ਜੇੜ੍ਹੇ ਨਿਲੱਜ ਦਾ ਡੋਲ ਜਾਵੇ,
ਓਦ੍ਹੇ ਚਾਨੇ ਭੀ ਲਾਹੁੰਦੀਆਂ ਝੱਕਦਾ ਨਹੀਂ।
ਪਾਵਾਂ ਬੇੜੀਆਂ ਓਸਨੂੰ ਮੈਂ ਜਹੀਆਂ,
ਨੱਸ ਭਜ ਓਹ ਕਿਤੇ ਭੀ ਸੱਕਦਾ ਨਹੀਂ।

ਮੇਰੇ ਜੇਹੇ ਵਰਿਆਮ ਦੀ ਮੂਰਖਾ ਓਇ,
ਕਦਰ ਪੁੱਛਣੀ ਸੀ ਕਿਸੇ ਜੱਟ ਕੋਲੋਂ।
ਜਿਹੜੀ ਥਾਂ ਤੇ ਗੱਡਦਾ ਵਾੜ ਮੇਰੀ,
ਲੋਕੀਂ ਲੰਘਦ ਨੇ ਪਰੇ ਵੱਟ ਕੋਲੋਂ।

ਤੇਰਾ ਚੜ੍ਹਿਆ ਦਿਮਾਗ ਹੈ ਅਰਸ਼ ਉੱਤੇ,
ਲੱਗੀ ਬਾਗ ਦੀ ਜਹੀ ਹਵਾ ਤੈਨੂੰ।

ਤੇਰੀ ਖਿੰਡ ਗਈ ਵਾਸ਼ਨਾ ਜੱਗ ਸਾਰੇ,
ਹੁਣ ਤੇ ਬਾਸ਼ਿਆ, ਆਵੇ ਹਯਾ ਤੈਨੂੰ।
ਗੱਲਾਂ ਵਿਤਕਰੇ ਵਾਲੀਆਂ ਕਰਨੀਆਂ ਇਹ,
ਕਿੰਨੇ ਦਸੀਆਂ ਸਹਿਜ ਸੁਭਾ ਤੈਨੂੰ ?
ਮੈਨੂੰ ਫੁੱਲਾਂ ਦੇ ਨਾਲ ਕਿਉਂ ਗੰਢਿਆ ਸੂ,
ਇਹ ਭੀ ਖੋਲ੍ਹਕੇ ਦਿਆਂ ਸਮਝਾ ਤੈਨੂੰ ?

'ਕੇੜਾ' ਟਹਿਣੀ ਨੂੰ ਲਾਕੇ ਰੱਬ ਸੱਚੇ,
ਕੇੜੇ ਫੁੱਲ ਨੂੰ ਇਕ ਥਾਂ ਤੋਲਿਆ ਏ।
ਓਦ੍ਹੀ ਨਜ਼ਰ ਵਿਚ ਇੱਕੋ ਜਹੇ ਹੈਨ ਸਾਰੇ,
ਓਹਨੇ ਭੇਦ ਏ ਆਪਣਾ ਖੋਲ੍ਹਿਆ ਏ।

ਇਕੋ ਜਿਹਾ ਹਾਂ ਅੰਦਰੋਂ ਬਾਹਰੋਂ ਮੈਂ,
ਮੈਨੂੰ ਲੋਕਾਂ ਨੇ ਖੂਬ ਪਛਾਣਿਆ ਏ।
ਓਹਦੀ ਯਾਦ ਵਿਚ ਖੜਾ ਹਾਂ ਦਿਨੇ ਰਾਤੀ,
ਫਾਨੀ ਜੱਗ ਨੂੰ ਮੁਢੋਂ ਮੈਂ ਜਾਣਿਆ ਏ।
ਅਲਫ਼ ਬਣ ਗਿਆ ਹੂਬਹੂ ਆਪ ਭੀ ਮੈਂ,
ਐਸਾ *ਅਲਫ਼ ਦੇ ਇਸ਼ਕ ਨੇ ਰਾਣਿਆ ਏ।
ਮੈਨੂੰ ਰੁਤਬਾ ਇਹ ਓਸਨੇ ਬਖਸ਼ ਦਿਤਾ,
ਸਿਰ ਤੇ ਛਤਰ ਗੁਲਾਬ ਦਾ ਤਾਣਿਆ ਏ।

ਮੇਰੇ ਜ਼ਾਹਰ ਤੇ ਬਾਤਨ ਨੇ ਇਕ ਹੋਇਆ,
ਏਹੋ ਦੁਨੀਆਂ ਨੂੰ ਸਬਕ ਸਿਖਾਇਆ ਏ।
ਜੇਹੜਾ ਅੰਦਰੋਂ ਬਾਹਰੋਂ ਇਕ ਹੋਇਆ।
ਓਸ ਇਕ ਨੂੰ ਉਸੇ ਨੇ ਪਾਇਆ ਏ।

---

*ਅੱਲਾਹ, ਖ਼ੁਦਾ।

ਜੇ ਤੂ ਚੰਗਾ ਏਂ ਮੈਨੂੰ ਕਿਉਂ ਬੁਰਾ ਕਹੇ ?
ਜੇ ਮੈਂ ਬੁਰਾ ਹਾਂ ਤੈਨੂੰ ਕੀ ਚੰਗਿਆ ਓ।
ਤੇਰੇ ਨਿਰੇ ਸੁਹਪਣ ਨੂੰ ਅੱਗ ਲਾਵਾਂ ?
ਸ਼ੂਕਾ ਸ਼ਾਕੀ ਤੇ ਖ਼ੁਦੀ ਵਿਚ ਰੰਗਿਆ ਓ।
ਬਹੇ ਫੁੱਲ ਫੁੱਲ ਤੁਰੇ ਨੂੰ ਵੇਖ ਉਚਾ,
ਏਸ ਸੂਲੀ ਦੇ ਉਤੇ ਭੀ ਟੰਗਿਆ ਓ।
ਡਿਗੋ ਵਾਂਗ ਫੁਹਾਰੇ ਦ ਸਿਰ ਪਰਨੇ,
ਉਤਾਂਹ ਹੁੰਦਿਆਂ ਜਿਹੜਾ ਨਾ ਸੰਗਿਆ ਓ।

ਕੀ ਹੋ ਗਿਆ 'ਸ਼ਰਫ਼' ਜੇ ਮੂੰਹ ‡ਕਾਲਾ,
ਗੋਰੇ ਰੰਗ ਵਾਲੀ ਮਕਰ-ਚਾਨਣੀ ਨਹੀਂ।
ਓਥੇ ਅਮਲਾਂ ਤੇ ਫੈਸਲੇ ਮੁੱਕਣੇ ਨੇ,
ਰੰਗਤ ਜ਼ਾਤ ਤੇ ਫੈਸਲੇ ਮੁੱਕਣੇ ਨੇ,

‡ਕੰਡੇ ਦਾ ਮੂੰਹ ਅਗੋਂ ਰਤਾ ਕਾਲਾ ਹੁੰਦਾ ਹੈ।

ਤੇਰੀ ਜੁਤੀ ਦੇ ਟੁਟੇ ਹੋਏ ਤਾਰਿਆਂ ਨੂੰ।

ਸੀਨੇ ਫੁੱਲਾਂ ਦੇ ਪਾਟਕੇ ਹੋਨ ਲੀਰਾਂ,
ਬੰਨ੍ਹ ਸੈਦਲੇ ਬੁ ਬੂਲਾਂ ਰੋਣ ਲਗਣ।
ਪਾਤ ਪਾਤ ਕਲੀਆਂ ਅੱਧੜਵੰਜਿਆਂ ਨੂੰ,
ਹੋਕੇ ਨੰਗੀਆਂ ਅਲਫ਼ ਖਲੋਣ ਲਗਣ।
ਨਿਕਲੇ ਅੱਗ ਪਹਾੜਾਂ ਦੇ ਪਥਰਾਂ ਚੋਂ,
ਪਾਨੀ ਪਾਣੀ ਸਮੁੰਦਰ ਸਭ ਹੋਣ ਲੱਗਣ।
ਫਿਰ ਫ਼ਿਰ ਜ਼ਿਮੀਂ ਅਸਮਾਨ ਦੇ ਪੁੜ ਦੋਵੇਂ,
ਚੱਕੀ ਨਿੱਤ ਦੀ ਸੋਗਾਂ ਦੀ ਝੋਣ ਲੱਗਣ।

ਇਕ ਇਕ ਵਲ ਜੀਹਦਾ ਗਲ ਦਾ ਹਾਰ ਹੋਵੇ,
ਅੱਜ ਮੈਂ ਗੱਲ ਹਾਂ ਐਸੀ ਸੁਨੋਣ ਆਇਆ।
ਗੂਹੜੀ ਨੀਂਦ ਅੰਦਰ ਸੌਣ ਵਾਲਿਆਂ ਨੂੰ,
ਝੂਣ ਝੂਣ ਕੇ ਸਿਰੋਂ ਜਗੌਣ ਆਇਆ।

ਕੱਲ ਆਈ ਸੀ ਮੇਰੇ ਤੇ ਰਾਤ ਓਹੋ,
ਸੁਣਕੇ ਚਿਰਾਂ ਦਾ ਜਿਨੂੰ ਮੈਂ ਡੋਲਦਾ ਸੀ।

ਹੁੱਸੜ ਆਣਕੇ ਰਗਾਂ ਤੋਂ ਘੁੱਟਦਾ ਸੀ,
ਰਤੀ ਗੱਲ ਭੀ ਨਾ ਮੂੰਹੋਂ ਬੋਲਦਾ ਸਾਂ।
ਗੰਢਾਂ ਜੋੜੀਆਂ ਹੱਥੀਂ ਮੈਂ ਦਿੱਤੀਆਂ ਸਨ,
ਵਿਲਕ ਵਿਲਕ ਕੇ ਦੰਦੀਆਂ ਖੋਲ੍ਹਦਾ ਸਾਂ।
ਕਾਲੀ ਜ਼ੁਲਫ਼ ਨਾਂ ਰੈਨ ਦੀ ਮੁੱਕਦੀ ਸੀ,
ਖਿਆ ਸੱਪ ਵਾਂਗੂ ਵਿੱਸ਼ ਘੋਲਦਾ ਸਾਂ।

ਹੋਏ ਅੱਡਰੇ, ਗਮਾਂ ਕੁਝ ਸਾਂਭ ਤੋੜੀ,
ਅੱਖ ਨੀਂਦ ਦੇ ਪੇਂਢੇ ਤੇ ਵੱਗ ਲਗੀ।
ਓਹਦਾ ਇਕ ਚੰਗਿਆੜਾ ਮੈਂ ਦੱਸਨਾਂ ਹਾਂ,
ਜਿਹੜੀ ਸੁਫ਼ਨੇ ਅੰਦਰ ਮੈਨੂੰ ਅੱਗ ਲੱਗੀ।

ਐਸਾ ਥੋਲਰ ਇਕ ਵੇਖਿਆ ਮਨ-ਮੋਹਣਾ,
ਜਿਸਨੂੰ ਵੇਖਕੇ ਹੋਵੇ ਹੈਰਾਨ ਜੰਨਤ।
ਓਹਦੀ ਇੱਕ ਇੱਕ ਮੋਰੀ ਦੀ ਇੱਟ ਉਤੋਂ,
ਕਰੇ ਪਿਆ "*ਸ਼ੱਦਾਦ" ਕੁਰਬਾਨ ਜੰਨਤ।
ਓਹਨੂੰ ਵੇਖਣ ਜੋ ਓਪਰੇ ਮੁਲਕ ਵਾਲੇ,
ਜੀਉਂਦੀ ਜਾਨ ਨਾਂ ਕਦੀ ਭੀ ਜਾਣ ਜੰਨਤ।
ਲਿਖਿਆ ਹੋਇਆ ਸੀ ਮੋਟਿਆਂ ਅੱਖਰਾਂ ਦਾ,
ਓਹਦੇ ਮੱਥੇ ਉਤੇ ਹਿੰਦੁਸਤਾਨ ਜੰਨਤ।

ਰਵਾਂ ਰਵੀਂ ਮੈਂ ਲੰਘਿਆ ਜਾ ਡਿੱਠਾ,
ਓਹਦੇ ਵਿਚ ਇਕ ਲੱਗਾ ਦਰਬਾਰ ਸੁੰਦਰ।

---

*ਸ਼ੱਦਾਦ—ਓਹ ਪਾਤਸ਼ਾਹ, ਜਿਸ ਨੇ ਆਪਣੇ ਆਪ ਨੂੰ ਰੱਬ ਅਖਵਾਇਆ ਤੇ ਦੁਨੀਆਂ ਵਿਚ ਬਹਿਸ਼ਤ ਬਣਵਾਇਆ।

ਸ਼ੁਅਲੇ ਨੂਰ ਦੇ ਨਾੜਾਂ ਚੋਂ ਨਿਕਲਦੇ ਸਨ,
ਚੜ੍ਹਦੀ ਇੱਕ ਤੋਂ ਇੱਕ ਸੀ ਨਾਰ ਸੁੰਦਰ।

ਇਕਲਵੰਝੇ ਮੈਂ ਓਹਲੇ ਖਲੋ ਡਿੱਠੀ,
ਜਿਹੜੀ ਜਿਹੜੀ ਸੀ ਉਨ੍ਹਾਂ ਨੇ ਕਾਰ ਕੀਤੀ।
ਕਿਸੇ ਆਖਿਆ ਏ ਜ਼ਰਾ *'ਹਿਡੇ ਅਚੋ',
ਮਿੱਠੀ ਸਿੰਧੀ ਵਿਚ ਗੱਲ ਗੁਫ਼ਤਾਰ ਕੀਤੀ।
ਕਿਸੇ ਕਿਹਾ ਗੁਜਰਾਤੀ 'ਚ ‡'ਤਾਮੀ ਚਾਲੋ',
†'ਰਾਜੇ ਖ਼ੈਲੋ' ਦੀ ਕਿਸੇ ਪੁਕਾਰ ਕੀਤੀ।
ਫਿਰ ਫਿਰ ਵਾਂਗ ਮਰਹੱਟੀ ਮਰਹੱਟੀ ਕੋਈ,
ਬੜੀ ()'ਹਕੜੇ ਤੈਕੜੇ' ਮਾਰ ਕੀਤੀ।

[]'ਬਾੜੀ ਆਪਨਾ ਕੁਥੈ ਛੇ' ਕਿਸੇ ਕਹਿਕੇ,
ਡਾਢੇ ਜਾਦੂ ਚਲਾਏ ਬੰਗਾਲੀਆਂ ਦੇ।
†'ਮਿੰਚੀ ਮੰਚੀ' ਪੁਕਾਰ ਮਦਰਾਸ ਵਾਲੀ,
ਮੂੰਹ ਕੀਤੇ ਸਨ ਬੰਦ ਸਵਾਲੀਆਂ ਦੇ।
ਦੱਸ 'ਹਿਨਾਕੁਸੁਲਰ ਦੇ' ਨਾਂ ਕੀਊ,
ਲੰਕਾ ਵਾਲੀ ਦੁਲਾਰੀ ਵਸਨੀਕ ਬੋਲੀ।

---

*ਹਿਡੋ ਅਚੋ-(ਸਿੰਧੀ) ਇੱਧਰ ਆ।
†ਤਾਮੀ ਚਾਲੋ-(ਕਾਠੀ ਆਵਾੜੀ) ਤੂੰ ਚੱਲ।
‡ਰਾਜੇ ਖੇਲੋ-(ਪਸ਼ਤੋ) ਰਾਜੀ ਖੁਸ਼ੀ।
()ਹੇਕੜੇ ਤੇਕੜੇ-(ਮਰਹੱਟੀ) ਐਧਰ ਓਧਰ।
[]ਬਾੜੀ ਆਪਨਾ ਕੁਥੇ ਛੇ-(ਬੰਗਾਲੀ) ਆਪਦਾ ਘਰ ਕਿੱਥੇ ਹੈ ?
†ਮਿੰਚੀ ਮੰਚੀ-(ਮਦਰਾਸੀ) ਅੱਛਾ ਅੱਛਾ।

ਰਹਿਣ ਵਾਲੀ ਨੀਪਾਲ ਦੇ ਪੱਥਰਾਂ ਦੀ,
*'ਨਿਕਾ ਨੰਦ ਛੋਹ' ਮਾਰਕੇ ਚੀਕ ਬੋਲੀ।
ਬਰਮੀ ()'ਮੋਟੇ ਮਮੋਲੇ' ਦਾ ਛਨ ਪਾਇਆ,
*'ਕੱਥਬੂਜ' ਕਸ਼ਮੀਰ ਦੀ ਠੀਕ ਬੋਲੀ।
ਇਕ ਸੀ ਸਾਰੇ ਜ਼ਮਾਨੇ ਦੀ ਛਟੀ ਹੋਈ,
ਮੂੰਹੋਂ ਸੁੱਟਕੇ ਪਾਨਾਂ ਦੀ ਪੀਕ ਬੋਲੀ।

'ਆਏ ਮੇਰੇ ਮੁਕਾਬਲ ਵਹੁ ਆਜ ਮੂਈ,
ਜਿਸੇ ਕਰਨੀ ਹੋ ਦੁਨੀਆਂ ਮੇਂ ਰੀਸ ਮੇਰੀ।
ਮੇਰੀ ਜ਼ਰੀ ਸੀ ਬਾਤ ਭੀ ਪਰੀ ਸੀ ਹੈ,
ਚਟੀ ਗੁੰਦੇ ਹੈ ਸਦਾ †'ਬਲਕੀਸ' ਮੇਰੀ।'

ਦਿੱਤੀ ਜਦੋਂ ਉੜੀਸ ਉੜੀਸਾ ਵਾਲੀ,
ਇਕ ਨੇ ਹਿੰਦੀ ਅੰਦਰ 'ਵਜਾਖਜਾਨ' ਕੀਤਾ।
ਦੋ ਤਿਨ ਡਿੱਠੀਆਂ ਉੱਥੇ ਪ੍ਰਾਹੁਨੀਆਂ ਭੀ,
ਚੰਗੀ ਤਰ੍ਹਾਂ ਮੈਂ ਜਦੋਂ ਧਿਆਨ ਕੀਤਾ।
‡'ਇਖ਼ਤਸਾਰ ਗੁਫ਼ਤਮ ਦੋ ਸਿਹ ਚਾਰ ਕਲਮਾ,
ਇਕ ਨੇ ਕਹਿਕੇ ਏ ਬੰਦ ਖਿਆਨ ਕੀਤਾ।

---

*ਨਿਕਾ ਨੰਦ ਛੋਹ-(ਨੀਪਾਲੀ) ਰਾਜੀ ਖੁਸ਼ੀ ਹੈਂ ?
()ਮੋਟੇ ਮਮੋਲੇ-(ਬ੍ਰਹਮੀ) ਕਿਥੇ ਲੈ ਜਾਏਗੀ।
*ਕੱਥਬੂਜ-(ਕਸ਼ਮੀਰੀ) ਮੇਰੀ ਗੱਲ ਸੁਣ।
†ਬਲਕੀਸ-ਸੁਲੇਮਾਨ ਪੈਗੰਬਰ ਦੀ ਰਾਣੀ।
‡ਇਖ਼ਤਸਾਰ ਗੁਫ਼ਤਮ ਦੋ ਸਿਹ ਚਾਰ ਕਲਮਾ-
(ਫਾਰਸੀ) ਦੋ ਤਿਨ ਚਾਰ ਗਲਾਂ ਆਖਕੇ ਬੱਸ ਕਰਦੀ ਹਾਂ।

*ਕੁਮਕੁਮਯਾ ਹਬੀਬੀ' ਇਕਧਈ ਆਖਦੀ ਸੀ,
ਸਭ ਨੇ ਮਿੱਠੜਾ ਬੋਲ ਪਰਵਾਨ ਕੀਤਾ।

ਬਣੀ ਹੋਈ ਸੀ ਜੇਹੜੀ ਪਰਧਾਨ ਉੱਥੇ
ਓਹ ਕੋਈ ਪਰੀ ਸਮੁੰਦਰੋਂ ਪਾਰ ਦੀ ਸੀ।
ਰੌਲਾ ਪੈਂਦਾ ਸੀ ਜਦੋਂ ਦਰਬਾਰ ਅੰਦਰ।
ਝਟਓਹ‡'ਆਰਡਰਪਲੀਜ਼' ਪੁਕਾਰਦੀ ਸੀ।

ਜਿਹਨੂੰ ਅਖੀਆਂ ਮੇਰੀਆਂ ਵੇਹਦੀਆਂ ਸਨ,
ਹਾਏ ਉਹ ਲੱਭੀ ਨਾਂ ਓਸ ਦਰਬਾਰ ਵਿੱਚੋਂ।
ਟੁਟੀ ਡਾਢ ਕਲੇਜੇ ਨੂੰ ਵਾਢ ਲੱਗੀ,
ਫਿਰ ਗਈ ਆਹਾਂ ਦੀ ਤੇਜ਼ ਤਲਵਾਰ ਵਿਚੋਂ।
ਮੈਂ ਇਹ ਜਾਣਿਆ ਹੋਵੇਗੀ ਕਿਤੇ ਬੈਠੀ,
ਦਿਲ ਨੇ ਕਿਹਾ ਏਹ ਮੈਨੂੰ ਪੁਕਾਰ ਵਿਚੋਂ।
ਇਥੇ ਹੁੰਦੀ ਜੇ ਭਲਾ ਓਹ ਲੁਕੀ ਰਹਿੰਦੀ ?
'ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ'

ਲਾਂਭੇ ਬੈਠ ਖਰੋਚ ਖਰੋਚ ਧਰਤੀ
ਹੋਰ ਹੋਰ ਸੋਚਾਂ ਸੋਚਣ ਲੱਗ ਪਿਆ ਮੈਂ।
ਲੈਂਦਾ ਲੂਸਣੀ ਹੰਝੂ ਦੇ ਵਾਂਗ ਓੜਕ,
ਉਥੋਂ ਨਿਕਲਕੇ ਬਾਹਰ ਨੂੰ ਵਗ ਪਿਆ ਮੈਂ।

ਗਿਆ ਪੈਲੀ ਦੀ ਵਾਟ ਤੇ ਵੇਖਿਆ ਕੀ,
ਕੂੰਜ ਵਾਂਗ ਇਕ ਨਾਰ ਕੁਰਲਾਂਵਦੀ ਸੀ।

---

*ਕੁਮਕੁਮਯਾ ਹਬੀਬੀ-(ਅਰਬੀ) ਉਠ ਉਠ ਮੇਰੇ ਪਿਆਰੇ।
‡ਆਰਡਰ ਪਲੀਜ਼-(ਅੰਗਰੇਜ਼ੀ) ਚੁੱਪ ਰਹੋ।

ਪੂੰਝ ਪੂੰਝ ਕੇ ਅੱਥਰੂ ਰੱਤ ਭਿੰਨੇ,
ਮਹਿੰਦੀ ਸੋਗਾਂ ਦੀ ਹੱਥਾਂ ਨੂੰ ਲਾਂਵਦੀ ਸੀ।
ਲੀੜੇ ਮੈਲ ਦੇ ਨਾਲ ਸਨ ਕੂੜੇ ਉਹਦੇ,
ਸੂਰਤ ਝੱਲੀ ਦੀ ਝੱਲੀ ਨਾਂ ਜਾਂਵਦੀ ਸੀ।
ਮੈਂ ਏਹ ਸਮਝਿਆ ਦੀਪਕ ਮਲ੍ਹਾਰ ਗਾਂਵੇ,
ਓਹ ਪਈ ਜਿਗਰ ਦੀ ਲੋਭ ਬੁਝਾਂਵਦੀ ਸੀ।

ਵੇਖ ਵੇਖ ਕੇ ਅੰਬਰਾਂ ਵਲ ਰੋਵੇ,
ਅੱਖਾਂ ਵਿਚੋਂ ਪਏ ਅੱਥਰੂ ਛੁੱਟਦੇ ਸਨ।
ਏਧਰ ਮੋਤੀ ਅਣਵਿੱਧ ਉਹ ਤੋੜਦੀ ਸੀ,
ਉੱਧਰ ਤਾਰੇ ਅਸਮਾਨ ਤੇ ਟੁੱਟਦੇ ਸਨ।

ਜਾ ਕੇ ਕੋਲ ਮੈਂ ਆਖਿਆ 'ਦਸ ਮਾਈ'
ਬੜੇ ਦੁਖੜੇ ਵਾਲੀ ਸੰਭਾਪਨੀ ਏਂ।
ਕੌਣ ਵਿਛੜਿਆ ਜੀਹਦੇ ਵਿਜੋਗ ਅੰਦਰ,
ਡੂੰਘੇ ਵੈਣਾਂ ਦੇ ਰਾਗ ਅਲਾਪਨੀ ਏਂ।
ਸਾਵੇ ਤਿੰਨ ਹਥ ਲੰਮੀ ਹੈ ਆਹ ਤੇਰੀ,
ਏਹ ਤੂੰ ਕਬਰ ਦੀ ਜ਼ਿਮੀਂ ਪਈ ਨਾ ਪਨੀਏਂ ?
ਕੇਸ ਵੇਸ ਤੇਰੇ ਟੁੱਟ ਖੁੱ[illegible] ਗਏ ਨੀਂ,
ਕਿਸੇ ਦੇਸ ਦੀ ਰਾਣੀ ਪਈ ਜਾਪਨੀ ਏਂ ?

ਜਿੱਥੇ ਜੰਮੀਓਂ ਉੱਗੀਓਂ ਹੋਈ ਐਡੀ,
ਭਾਗਾਂ ਵਾਲਾ ਉਹ ਕੇਹੜਾ ਗਰਾਂ ਤੇਰਾ ?
ਰੱਬ ਸਤਰ ਵਾਲਾ, ਤੇਰੇ ਸਤਰ ਕੱਜੇ,
ਬੋਲੀਂ ਹੱਸਕੇ ਦੱਸ ਕੀ ਨਾਂ ਤੇਰਾ ?

ਆਖਣ ਲਗੀ ਉਹ ਮੇਰੇ ਵਲ ਮੂੰਹ ਕਰਕੇ,
'ਕਿੱਥੋਂ ਆ ਗਿਓਂ ਮੈਨੂੰ ਪਤਿਅਉਣ ਵਾਲਾ ?
ਸੱਜੇ ਪੱਟ ਚੋਂ ਨਿਕਲਿਆ ਪੁਤ ਜੇਠਾ,
ਮੇਰੇ ਪੀੜਾਂ ਤੇ ਦਰਦ ਵੰਡਾਉਣ ਵਾਲਾ।
ਰਾਹੇ ਜਾਂਦਿਆਂ ਜਾਂਦਿਆਂ ਸਖੀ ਵਡਾ,
ਹਾਤਮ ਵਾਂਗ ਸਵਾਲ ਨਿਭਾਉਣ ਵਾਲਾ।
ਰੁਸਤਮ ਕੋਲੋਂ ਭੀ ਆਯੋਂ ਵਰਯਾਮ ਵਧਕੇ,
ਨਵ੍ਹਾਂ ਨਾਲ ਹਿਮਾਲਾ ਨੂੰ ਢਾਹੁਣ ਵਾਲਾ।

ਮੇਰੇ ਸੀਨੇ ਵਿਚ ਦਾਗ ਬੇਅੰਤ ਲੱਗੇ,
ਤੇਰੇ ਕੋਲੋਂ ਏ ਕਦੀ ਨਹੀਂ ਗਿਣੇ ਜਾਣੇ।
ਤੁਰ ਜਾ, ਪੈਂਡਾ ਨਾਂ ਆਪਣਾ ਕਰੀਂ ਖੋਟਾ,
ਤੀਲੇ ਨਾਲ ਸਮੁੰਦਰ ਨਹੀਂ ਮਿਣੇ ਜਾਣੇ।

ਕੀਤਾ ਮੋੜ ਮੈਂ 'ਮਾਈ ਜੀ ! ਕਰੋ ਜੇਰਾ,
ਐਡੇ ਰੋਹ ਦੇ ਤੰਬੂ ਪਏ ਤਾਣੀਏ ਨਾਂਹ।
ਲਾਲ ਪਥਰਾਂ ਵਿਚੋਂ ਈ ਨਿਕਲਦੇ ਨੇ,
ਮੋਤੀ ਵਾਸਤੇ ਦੁੱਧ ਨੂੰ ਛਾਣੀਏ ਨਾਂਹ।
ਜੋ ਜੋ ਰਬ ਨੇ ਕੀਤੀ ਹੈ ਚੀਜ਼ ਪੈਦਾ,
ਉਸਦੇ ਵਿਚੋਂ ਨਗੂਣੀ ਕੋਈ ਜਾਣੀਏ ਨਾਂਹ।
ਲੜਕੇ ਸੁੰਡ ਵਿਚ ਹਾਥੀ ਮਰੁੰਡ ਦੇਵੇ,
ਕਦੀ ਕੀੜੀ ਭੀ ਕੂੜੀ ਪਛਾਣੀਏ ਨਾਂਹ।

ਵੇਖੀਂ ਟੋਣੇ ਟਟਹਿਣੇ ਦੇ ਟਿਮਕਣੇ ਨੂੰ,
ਉੜਿਆ ਜਾਂਦਾ ਵੀ ਕਢਦਾ ਓਹ ਲੋ ਜਾਵੇ।

ਮੈਨੂੰ ਗੱਲਾਂ ਤੂੰ ਖੋਲ੍ਹਕੇ ਦਸ ਤੇ ਸਹੀ,
ਖਬਰੇ ਮੈਥੋਂ ਭੀ ਸੇਵਾ ਕੋਈ ਹੋ ਜਾਵੇ।'

ਬੋਲੀ:–'ਖਹਿੜਾ ਜੇ ਮੇਰਾ ਤੂੰ ਛੱਡਣਾ ਨਹੀਂ,
ਬਹਿ ਜਾਂ ਚੌਂਕੜੀ ਮਾਰਕੇ ਕੋਲ ਮੇਰੇ।
ਫੜਕੇ ਤੱਕੜੀ ਅਕਲ ਦੀ ਹਟੀਂ ਤਕੜਾ,
ਬੋਹਲ ਦੁਖਾਂ ਦੇ ਲਦੀ ਸਭ ਤੋਲ਼ ਮੇਰੇ।
ਹਾਸੇ ਵਿਚ ਨਾਂ ਐਵੇਂ ਘਚੋਲ ਸੁਟੀ,
ਇਹ ਕਰੁੱਤੜੇ ਫੁੱਲ ਨੀ ਬੋਲ ਮੇਰੇ।
ਹੜ ਵਗਣ ਨਾਂ ਦਿਨ੍ਹਾਂ ਚੋਂ ਹਾੜਿਆਂ ਦੇ,
ਛਾਲੇ ਵੇਖੀਂ, ਪਰ ਵੇਖੀਂ ਅਡੋਲ ਮੇਰੇ।

ਪੱਖੀ ਵਾਂਗ ਮੈਂ ਡੋਲਦੀ ਫਿਰਾਂ ਸਾਰੇ,
ਮੈਨੂੰ ਝੱਲੀ ਨੂੰ ਲੋਕ ਨਾਂ ਝੱਲਦੇ ਨੇ।
ਓਸ ਸੂਬੇ ਦੀ ਰਾਣੀ ਮੈਂ ਗਈ ਰਾਣੀ,
ਜੀਹਦੇ ਪੰਜ ਦਰਿਆ ਅਜ ਚੱਲਦੇ ਨੇ।

'ਅੰਗਦ ਦੇਵ' ਜੀ ਦੇ ਘਰ ਮੈਂ ਜਨਮ ਲੀਤਾ,
ਮੇਰੇ ਵਿਚ ਨਨਕਾਣੇ ਦੇ ਨਾਨਕੇ ਵੇ।
ਦਸਮ ਪਿਤਾ ਦੀ ਗੋਦ ਵਿਚ ਖੇਡਦੀ ਰਹੀ,
ਉਨ੍ਹਾਂ ਪਾਲਿਆ ਲਾਡਲੀ ਜਾਨਕੇ ਵੇ।
ਕੀਤੀ 'ਫੂਲ ਖੰਵਾਦ' ਨੇ ਕਦਰ ਮੇਰੀ,
ਮਨੂੰ ਫੁੱਲਾਂ ਤੋਂ ਸੋਹਲ ਪਛਾਨਕੇ ਵੇ।
ਆਵੇ ਯਾਦ ਦਰਬਾਰ ਰਣਜੀਤ ਸਿੰਘ ਦਾ;
ਮੇਰੀ ਜਾਨ ਲੈ ਜਾਂਦਾ ਏ ਰਾਨਕੇ ਵੇ।

ਖੁੱਲ੍ਹੇ ਕੇਸ ਪਰਾਂਦੜਾ ਹੱਥ ਫੜਿਆ,
ਏਸੇ ਚੌਕ ਗਵਾਚੇ ਨੀ ਫੁੱਲ ਮੇਰੇ।
ਗਲ੍ਹਾਂ ਆਂਦੀਆਂ ਮਿੱਠਿਆਂ ਯਾਦ ਜਿਸ ਦਮ,
ਓਦੋਂ ਇਸਤਰ੍ਹਾਂ ਜੁੜਦੇ ਨੇ ਬੁੱਲ੍ਹ ਮੇਰੇ:—

*ਮੇਰੇ ਮਾਹੀ ਮੈਂ ਮੋਈ ਮੁਹਾਰ ਮੋੜੀਂ,
ਬਣਕੇ ਬਾਲ ਮੁਆਤੜਾ ਬਾਲ ਬੈਠੀ।
ਪੀਆ! ਪਾਲ ਪਰੀਤ ਪ੍ਰੇਮ ਪਿਆਰੀ,
ਬੱਨ੍ਹ ਬੱਨ੍ਹ ਬੰਨੀ ਬਾਲਮ ਭਾਲ ਬੈਠੀ।
ਭੁੱਲੀ ਭੁੱਲ ਭੁਲਾਵੜੇ ਮੈਂ ਭੋਲੀ,
ਮੋਟੀ ਮੋਈ ਮੁਹਾ ਮੈਂ ਮਾਲ ਬੈਠੀ।
ਬਾਲੀ–ਬਣ ਬੁਲਬੁਲ ਫਲ ਫੱਲ ਬਣਕੇ,
ਮਰ ਮਰ ਪ੍ਰੀਤ ਪ੍ਰੀਤਮਾ ਪਾਲ ਬੈਠੀ।

ਪੰਡ ਪਿਆਰ ਪ੍ਰੇਮ ਭੀ ਪਾ ਮੋਢੇ,
ਪਿੰਡੋਂ ਪਿੰਡ ਫਿਰਦੀ ਪੀ ਬੋਲਦੀ ਮੈਂ।
ਭੌਂਦੀ ਮਿਨਲ ਭੰਭੀਰੀ ਦੇ ਭੌਰਕੇ ਬਨਕੇ,
ਫੁੱਲ ਬਾਗ਼, ਪਰਬਤ, ਪਥਰ, ਫੋਲਦੀ ਮੈਂ।

ਮੇਰੀ ਪੁੱਛੀ ਨਾਂ ਵਾਤ ਕਪੂਰਥੱਲੇ,
ਜੰਮੂ ਵਿੱਚ ਮੇਰਾ ਨੀਲਾ ਰੰਗ ਹੋਇਆ।
ਮੇਰੀ ਗੱਡੀ ਦੀ ਨਾਭੇ ਵਿਚ ਨਾਭ ਟੁੱਟੀ,
ਨੀਂਦ ਜੀਂਦ ਅੰਦਰ ਜੀਉੜਾ ਤੰਗ ਹੋਇਆ।

---

*ਬੁੱਲ੍ਹ ਜੁੜਨ ਦੁੱਖ, ਗਮ, ਯਾ ਹੈਰਾਨੀ ਨਾਲ ਚੁੱਪ ਹੋ ਜਾਣਾ, ਬੋਲਿਆ ਨਾਂ ਜਾਣਾ, ਇਸ ਬੈਂਤ ਵਿਚ ਜਿਤਨੇ ਸ਼ਬਦ ਹਨ ਉਨ੍ਹਾਂ ਦੇ ਉਚਾਰਨ ਕਰਨ ਨਾਲ ਬੁੱਲ੍ਹ ਜੁੜ ਜਾਂਦੇ ਹਨ।

ਮਾਰੇ ਕੋਟਲੇ ਮਾਲੇਰ ਕੋਟਲੇ ਨੇ,
ਪਹੁੰਚੀ ਜਦੋਂ ਸੁਨਾਮ ਅਧਰੰਗ ਹੋਇਆ।
ਡਿੱਠਾ ਬਾਬੇ ਫਰੀਦ ਦਾ ਕੋਟ ਉੱਚਾ,
ਭੂਰੀ ਧੂਰੀ ਅੰਦਰ ਮੈਨੂੰ ਲੰਗ ਹੋਇਆ।

ਵੇ ਮੈਂ ਗਈ ਬਹਾਲਪੁਰ ਜਦੋਂ ਰੋਂਦੀ,
ਵੇਖ ਚੰਬੇ ਵਾਂਗੂ ਖਿੜ ਖਿੜ ਹੱਸ ਪਿਆ।
ਪੁੱਛ ਪੁੱਛ ਮੈਂ ਪੁਣਛ ਵਿਚ ਜਦੋਂ ਪਹੁੰਚੀ,
ਓਥੇ ਪੱਥਰਾਂ ਦਾ ਮੀਂਹ ਸੀ ਵੱਸ ਪਿਆ।

ਮਾਰਨ ਪਈਆਂ ਪਟੋਕਰਾਂ ਨਾਲ ਦੀਆਂ,
ਔਖੀ ਬਣੀ ਅੰਦਰ ਔਖੀ ਬਣੀ ਮੈਨੂੰ।
ਹਾਸੇ ਟਿਚਕਰਾਂ ਤੇ ਰਹਿ ਗਏ ਇਕ ਪਾਸੇ,
ਦੇਵੇ ਛਿੱਬੀਆਂ ਪਈ ਜਣੀ ਖਣੀ ਮੈਨੂੰ।
ਪਰਦਾ ਕੱਜਦਾ ਜਿਹੜਾ ਕੁਚੱਜੜੀ ਦਾ,
ਐਸਾ ਕੋਈ ਨਾਂ ਮਿਲਿਆ ਏ ਤਨੀ ਮੈਨੂੰ।
'ਕਣੀ' ਵਾਲੇ ਨੂੰ ਰੋਲਿਆ ਵਿਚ ਗਲੀਆਂ,
ਲੋਕਾਂ ਸਮਝਿਆ ਚੌਲਾਂ ਦੀ ਕਣੀ ਮੈਨੂੰ।

ਕਰਾਂ ਵੈਣ ਬੇ-ਆਸ ਬਿਆਸ ਵਾਂਗੂ,
ਐਸੇ ਦੀਦਿਆਂ ਦੇ ਅਜ ਕਲ ਵਹਿਣ ਖੁਲ੍ਹੇ।
ਜਿਵੇਂ ਕੰਢੇ ਦਰਿਆ ਦੇ ਨਹੀਂ ਮਿਲਦੇ,
ਮੇਰੇ ਬੁਲ੍ਹ ਭੀ ਇਸ ਤਰ੍ਹਾਂ ਰਹਿਣ ਖੁਲ੍ਹੇ:—

†ਸਈਆਂ ਸਾਰੀਆਂ ਹਾਰ ਸ਼ਿੰਗਾਰ ਲਾਏ,
ਸੁੰਦਰ ਚੇਹਰਿਆਂ ਤੇ ਚੜ੍ਹੀਆਂ ਲਾਲੀਆਂ ਨੇ।

---

†ਇਸ ਬੈਂਤ ਵਿੱਚ ਸਾਰੇ ਸ਼ਬਦ ਅਜੇਹੇ ਵਰਤੇ ਹਨ, ਜਿਨ੍ਹਾਂ ਦੇ ਉਚਾਰਨ ਨਾਲ ਬੁੱਲ੍ਹ ਖੁੱਲ੍ਹੇ ਰਹਿੰਦੇ ਹਨ।

ਹੋਇਆ ਕਾਲਜ਼ਾ ਛਾਨਣੀ ਛਾਨਣੀ ਏ,
ਡਾਢੇ ਰੰਗ ਲਾਏ ਲਿਟਾਂ ਕਾਲੀਆਂ ਨੇ।
ਲਾਂਝੇ ਰਾਂਝੇ ਦੇ ਕੀਰਨੇ ਨਿੱਤ ਕਰਦੀ,
ਤੱਤੀ ਹੀਰ ਨੇ ਅੱਖੀਆਂ ਗਾਲੀਆਂ ਨੇ।
'ਖੇਤ ਕੇਸਰੀ' ਕੱਲਰਾਂ ਗਾਲ ਛੱਿਆ,
ਲਈ ਸਾਰ ਨਾਂ ਆਣਕੇ ਹਾਲੀਆਂ ਨੇ।

ਗੱਲਾਂ ਕਿਸੇ ਨੇ ਆਣ ਨਜਿੱਠੀਆਂ ਨਹੀਂ,
ਲਿਖ ਲਿਖ ਚਿੱਠੀਆਂ ਡਿੱਠੀਆਂ ਜੱਗ ਸਾਰੇ।
ਵੇਖ ਵੇਖ ਹਾਂ ਰੇਖ ਦੇ ਲੇਖ ਸੜਦੀ,
ਚਾਹਾਂ ਜਲ ਤੇ ਦੇਂਦੇ ਨੇ ਅੱਗ ਸਾਰੇ।

ਪਾਈਆਂ ਜੱਗ ਵ ਹ ਹਾਂ 'ਵਾਰਾਂ' ਮੇਰੀਆਂ ਨੇ,
ਨਾਲ ਸੁਰਾਂ ਦੇ 'ਗੌਣ' 'ਕਬਿੱਤ' ਮੇਰੇ।
ਕਲੀਆਂ ਵਾਂਗ ਕਲੀਆਂ' ਹੀਰ 'ਬੈਂਤ' 'ਦੋਹੜੇ'
'ਟੱਪੇ' 'ਡਿਓੜ' ਸੁਣ ਸੁਣ ਟੱਪਣ ਮਿੱਤ ਮੇਰੇ।
ਪਾ ਪਾ 'ਖਾਨ' ਅਖਾਣ 'ਬੁਝਾਰਤਾਂ' ਭੀ,
ਬਾਤਾਂ ਜਿਹੜੀਆਂ ਭਰੀਆਂ ਨੇ ਚਿੱਤ ਮੇਰੇ।
'ਸੋਹਲੇ' 'ਸਿੱਠਾ' ਵਿਆਹ ਵਿਚ ਕਿਹਣ ਕੁੜੀਆਂ
ਨੀਂਗਰ ਚੰਦ 'ਛੰਦ' ਆਖਦੇ ਨਿੱਤ ਮੇਰੇ।

ਚੋਨਾਂ, 'ਬਾਣੀਆਂ' ਮੇਰੀਆਂ ਪੜ੍ਹ ਪੜ੍ਹ ਕੇ,
ਹੋਵੇ ਚਾਨਣਾ ਦਿਲਾਂ ਦੀ ਖੋੜ ਅੰਦਰ।
ਵੇ ਤੂੰ ਸੱਚ ਜਾਣੀਂ ਮੋਈ ਹੋਈ ਦੇ ਤੀ,
ਪੈਂਦੇ ਵੈਣ ਨੇ ਦੇ ਕਰੋੜ ਅੰਦਰ।

ਹੋਕਾ ਮਾਰਿਆ ਓਸ ਨੇ ਫੇਰ ਐਸਾ,
ਖੋਹਲ ਖੋਹਲ ਕੇ ਅਖਾਂ ਮਸਤਾਨੀਆਂ ਦੋ।
'ਸੂਰਜ' 'ਚੰਨ' ਦਾ ਕਾਲਜਾ ਵਿੰਨ੍ਹ ਗਈਆਂ,
ਜੇਹੀਆਂ ਮੇਲਕੇ ਛੱਡੀਆਂ ਕਾਨੀਆਂ ਦੋ।
ਮੈਨੂੰ ਮੋਢਿਓਂ ਝੂਣਕੇ ਕਹਿਣ ਲੱਗੀ,
'ਤੈਨੂੰ ਹੋਰ ਭੀ ਦਸਾਂ ਨਿਸ਼ਾਨੀਆਂ ਦੋ।
ਏਹ ਹੈ ਇਕ 'ਕਿਤਾਬ' ਤੇ ਇਕ 'ਮਾਲਾ',
ਹੋਈਆਂ ਮੇਰੇ ਉੱਤੇ ਮੇਹਰਬਾਨੀਆਂ ਦੋ।

ਸੁੰਦਰ ਹਰਫ਼ ਸਨ ਓਸ ਕਿਤਾਬ ਦੇ ਭੀ,
ਓਸ ਮਾਲਾ ਦੀ ਝਲਕ ਵੀ ਵੱਖਰੀ ਸੀ।
ਇਕ ਤੇ ਹੀਰ ਹੈਸੀ ਵਾਰਸਸ਼ਾਹ ਵਾਲੀ,
ਦੂਜੀ ਗੁਰਮੁਖੀ ਦੀ ਪੈਂਤੀ ਅੱਖਰੀ ਸੀ।'

ਗੱਲਾਂ ਓਹਦੀਆਂ ਸਾਰੀਆਂ ਸੁਣ ਸੁਣ ਕੇ,
ਪਹਿਲ ਚੁੱਪ ਮੈਂ ਵਾਂਗ ਤਸਵੀਰ ਹੋਇਆ।
ਫੇਰ ਕੰਬਣੀ ਆਣ ਕੇ ਛਿੜੀ ਐਸੀ,
ਲੂੰ ਕੰਡੇ ਸੀ ਮੇਰਾ ਸਰੀਰ ਹੋਇਆ।
ਮੇਰੇ ਜਿਗਰ ਨੂੰ ਛਾਨਣ ਕਰਨ ਬਦਲੇ,
ਇਕ ਇਕ ਵਾਲ ਸੀ ਪਿੰਡੇ ਦਾ ਤੀਰ ਹੋਇਆ।
ਓੜਕ ਥੱਕਿਆ ਰਹਿ ਨਾਂ ਸਕਿਆ ਮੈਂ,
ਜਾਰੀ ਅਖੀਆਂ ਦੇ ਵਿਚੋਂ ਨੀਰ ਹੋਇਆ।

ਬਾਲਪਨ ਦੀਆਂ ਲੋਰੀਆਂ ਯਾਦ ਆਈਆਂ,
ਸੀਸ ਸੁੱਟਕੇ ਜ਼ਿਮੀਂ ਤੇ ਰੋਣ ਲਗਾ।

ਗੰਗਾ–ਜਮਨਾ ਵਗਾਕੇ ਅੱਖੀਆਂ ਚੋਂ,
ਚਰਨ ਮਾਤਾ ਪਿਆਰੀ ਦੇ ਧੋਣ ਲੱਗਾ।

ਹੱਥ ਜੋੜਕੇ ਬੇਨਤੀ ਏਹ ਕੀਤੀ:—
'ਏਥੋਂ ਤੀਕ ਤੇ ਟਿੱਲ ਮੈਂ ਲਾ ਦਿਆਂਗਾ।
ਮੈਨੂੰ ਮਿਲੀ ਹੈ ਦੌਲਤ ਕਵੀਸ਼ਰੀ ਦੀ,
ਤੇਰੇ ਵਾਸਤੇ ਸਾਰੀ ਲੁਟਾ ਦਿਆਂਗਾ।
ਲਿਖ ਲਿਖ ਕੁਦਰਤੀ ਭਾਵ ਪ੍ਰੇਮ ਐਸਾ,
ਤੇਰੀ ਸ਼ਾਨ ਮੈਂ ਨਵੀਂ ਦਿਖਾ ਦਿਆਂਗਾ।
ਤੇਰੀ ਜੁੱਤੀ ਦੇ ਟੁੱਟੇ ਹੋਏ ਤਾਗਿਆਂ ਨੂੰ,
ਫੜਕੇ ਚੰਦ ਅਸਮਾਨੀ ਬਣਾ ਦਿਆਂਗਾ।

ਨਵੇਂ ਫੈਸ਼ਨ ਦਾ ਦਿਆਂਗਾ ਰੰਗ ਐਸਾ,
ਚਮਕੇ ਸੂਰਜ ਦੇ ਵਾਂਗ ਇਤਿਹਾਸ ਤੇਰਾ।
ਯੂਰਪ ਵਾਲੇ ਦਿਨਭੀ ਲਾ ਲਾ ਦੂਰਬੀਨ।
ਪਏ ਰਾਤ ਦਿਨ ਲਭਣ ਅਕਾਸ਼ ਤੇਰਾ।

ਕਿਹਾ ਓਸ ਸੁਰੱਸਤੀ ਨੇ ਫੇਰ ਮੈਨੂੰ,
'ਨਿਕਾ ਜਿਹਾ ਇਕ ਮੰਨੀ ਸਵਾਲ ਮੇਰਾ।
ਓਸ ਥਾਂ ਦਾ ਪਤਾ ਮੈਂ ਦਿਆਂ ਤੈਨੂੰ,
ਜਿਹੜੇ ਸ਼ਹਿਰ ਵਿਚ ਰਹਿੰਦਾ ਏ ਲਾਲ ਮੇਰਾ।
ਬਣਕੇ ਚਿਠੀ–ਰਸੋਣ ਤੂੰ ਜਾ ਦੱਸੀਂ,
ਜੋ ਕੁਝ ਡਿਠਾ ਈ ਹਾਲ ਹਵਾਲ ਮੇਰਾ।

ਮੇਰੀ ਜੱਗ ਵਿਚ ਰਖਿਆ ਕਰੇ ਓਹੋ,
ਓਹੋ ਰਾਤ ਦਿਨ ਰੱਖੇ ਖਿਆਲ ਮੇਰਾ।

ਪਤਾ ਦਿਆਂ ਕਬਿੱਤ ਦੇ ਵਿਚ ਤੈਨੂੰ,
ਲੱਕ ਬੰਨ੍ਹਕੇ ਤੁਰਤ ਤਿਆਰ ਹੋ ਜਾ।
ਬਕੀ ਪੀੜਕੇ 'ਸ਼ਰਫ਼' ਹਵਾ ਵਾਲੀ,
ਪਹੁੰਚਣ ਵਾਸਤੇ ਅਜ ਸਵਾਰ ਹੋ ਜਾ।

ੀੀ

Wangar

ਬਦੋ-ਬਦੀ ਨਹੀਂ ਕਦੀ ਵਿਆਹ ਹੁੰਦੇ !

ਮਲਕੀ ਆਖਦੀ ਬੀਤ ਗਈ ਉਮਰ ਹੀਰੇ,
ਤੈਨੂੰ ਅਜੇ ਨਹੀਂ ਫ਼ਹਿਮ ਇਦਰਾਕ ਆਯਾ।
ਤੇਰੇ ਸੀਸ ਤੇ ਕਿਆ ਮਹਾਸਤੀ ਦੇ,
ਜਿਨ ਇਸ਼ਕ ਦਾ ਮਾਰ ਪੁਲਾਕ ਆਯਾ।

ਚਾਦਰ ਸ਼ਰਮ ਹਯਾ ਤੂੰ ਚੀਰ ਸੁੱਟੀ,
ਸਾਡੇ ਘਰ ਏਹ ਜਦੋਂ ਦਾ ਚਾਕ ਆਯਾ।
ਬਦਲੇ ਮਹੀਆਂ ਦੇ ਸਾਨੂੰ ਹੀ ਚਾਰਿਆ ਸੂ,
ਵਾਗੀ ਵੱਗ ਦਾ ਜਿਹਾ ਚਲਾਕ ਆਯਾ।

ਸਾਨੂੰ ਏਸ ਗੱਲੇ ਢਾਹ ਢਾਹ ਮਾਰਨੀ ਏਂ,
ਘੁੱਲਕੇ ਭਾਬੀਆਂ ਨਾਲ ਘੁਲਾਕ ਆਯਾ।
ਭਰਮ ਭਾ ਗਵਾਕੇ ਭਾਈਆਂ ਦਾ,
ਸਾਨੂੰ ਕਰਨ ਹੌਲਾ ਵਾਂਗ ਕਾਕ ਆਯਾ।

ਡੋਕੇ ਬੂਰੀਆਂ ਦੇ ਚੁੰਘ ਕੇ ਛਿਟ ਗਿਆ,
ਨੀ ! ਇਹ ਦੁਧ ਦਾ ਵਡਾ ਪਿਆਕ ਆਯਾ।
ਤੇਰੀਆਂ ਚੂਰੀਆਂ ਕੀਕਰ ਪਚਾਉਂਦਾ ਇਹ,
ਜੇੜ੍ਹਾ ਗੋਜੀ ਦੀ ਖ਼ਾਂਦਾ ਖੁਰਾਕ ਆਯਾ ?

ਤੈਨੂੰ ਯਾਦ ਏ ਓਦਨ ਦਾ ਹਾਲ ਇਹਦਾ,
ਸਾਡੇ ਘਰ ਸੀ ਜਿੱਦਨ ਤੁਲਾਕ ਆਯਾ।
ਲੱਥੇ ਹੋਏ ਲੰਗਾਰ ਸਨ ਲੀੜਿਆਂ ਦੇ,
ਝੱਗਾ ਪਾਟਕੇ ਸੀ ਉੱਤੇ ਢਾਕ ਆਯਾ।

ਜਾਇਦਾਦ ਹਜ਼ਾਰੇ ਦੀ ਲੈ ਵੜੀ,
ਸੀ ਇਹ ਵੰਝਲੀ ਸ਼ੀਸ਼ਾ ਮਿਸਵਾਕ ਆਯਾ।
ਫਸੀ ਤਖ਼ਤ ਹਜ਼ਾਰੇ ਵਿਚ ਰੈਨ ਕੋਈ ਨਾ,
ਬੜਾ ਵਾਂਗ ਬੁਲਾਰੇ ਪਟਾਕ ਆਯਾ।

ਸੁਣੀ ਰਾਮ ਕਹਾਣੀ ਨਾਂ ਕਿਸੇ ਇਹਦੀ,
ਸਾਰੇ ਪਿੰਡਾਂ ਵਿਚ ਮਾਰਦਾ ਹਾਕ ਆਯਾ।
ਜਿਨ੍ਹੇ ਆਪਣੇ ਸੱਕੇ ਨਾਂ ਮੂਲ ਜਾਤੇ,
ਤੇਰਾ ਕਿਧਰੋਂ ਵਡਾ ਇਹ ਸਾਕ ਆਯਾ।

ਨਾਂ ਭੁੱਲ ਚਾਕ ਦੇ ਚੋਪੜੇ ਬੋਲਿਆਂ ਤੇ,
ਤੇਰੀ ਜਾਨ ਦਾ ਵੈਰੀ ਜ਼ੋਹਾਕ ਆਯਾ।
ਖੋਹ ਤੇਰੀ ਭੀ ਹੁਣ ਇਹ ਉਡਾਣ ਲੱਗਾ,
ਪਾ ਪਿਛਲੀਆਂ ਦੇ ਸਿਰ ਵਿਚ ਖ਼ਾਕ ਆਯਾ।

ਦਾਹੜੀ ਬੱਬ ਦੀ ਮੇਰਾ ਸੁਫ਼ੈਦ ਝਾਟਾ,
ਤੇਰੇ ਧਿਆਨ ਨਹੀਂ ਰਤਾ ਬੇਬਾਕ ਆਯਾ ?
ਨਾਂ ਤੂੰ ਵੀਰ ਦੀ ਪੱਗ ਦੀ ਲਾਜ ਰੱਖੀ,
ਓਹ ਵੀ ਸੱਥ ਚੋਂ ਹੋ ਗਮਨਾਕ ਆਯਾ।

ਮਾਪੇ ਪਿੰਡ ਦਾ ਪੋਸ਼ ਭੀ ਲਾਹ ਸੁਟਨ,
ਅਗੋਂ ਧੀਆਂ ਨੂੰ ਕਰਨਾ ਨਹੀਂ ਵਾਕ ਆਯਾ।
ਨੀ ਤੂੰ ਓਹਨੂੰ ਭੀ ਪਿਜੇ ਨਾਂ ਪਾਉਨੀ ਏਂ,
ਮੱਤ ਦੇਣ ਜੇ ਤੀਜਾ ਧਿਆਕ ਆਯਾ ?
ਜਿਦੀ ਵਿਚ ਉਡੀਕ ਦੇ ਰੋ ਰੋ ਕੇ,
ਸਾਸ ਨੱਕ ਤੇ ਤਰਾ ਨਪਾਕ ਆਯਾ।

ਮੋਰੇ ਪੁੱਤ ਸੁਲਤਾਨ ਛਲਾਂਗ ਵੇਲੇ,
ਮੱਠੀ ਚਾਰਨੋਂ ਓਸ ਨੂੰ [illegible] ਠਾਕ ਆਯਾ।
ਤੈਨੂੰ ਓਦੋਂ ਦੀ ਲਗੀ [illegible]ਤਰੀ ਏ,
ਵਾੱਜੇ ਵੱਜਨ [illegible] ਜਦੋਂ ਖੜਾਕ ਆਯਾ।

ਕਮਲੀ ਹੋ ਨਾਂ ਰਾਂਝੇ ਦੀ ਕੰਬਲੀ ਤੇ,
ਅੰਗ ਲਾ ਨੀ ਜੋੜਾ ਪੁਸ਼ਾਕ ਆਯਾ।
ਨੀ ਤੂੰ ਅਕਲ ਨੂੰ ਹੱਥ ਕੁਝ ਮਾਰ ਮੋਈਏ,
ਚੂੜਾ ਪਾ ਬਾਹੀਂ ਅਰਕਾਂ ਤਾਕ ਆਯਾ।

ਨਾਂ ਕਰ ,ਨੱਕ ਚੜ੍ਹਾ ਚੜ੍ਹਾ ਗਲਾਂ,
ਹੀਰੇ ਵਾਲੜਾ ਵੇਖ ਬੁਲਾਕ ਆਯਾ।
ਬਹਿ ਜਾ ਚੱਉ ਦੇ ਨਾਲ ਤੇ ਵੇਖ ਪੀੜ੍ਹਾ,
ਜੜਿਆ ਸੋਨੇ ਦੀ ਨਾਲ ਸੁਲਾਕ ਆਯਾ।

'ਸ਼ਰਫ਼' ਕੇੜਿਆਂ ਦਾ ਢੀਂਗਰ ਲਾਹ ਮਗਰੋਂ,
ਸੌਦਾ ਵੇਖ ਨੀ ਨੀਂਗਰ ਉਸ਼ਨਾਕ ਆਯਾ।

ਜਵਾਬ ਹੀਰ

ਹੀਰ ਆਖਦੀ ਮਾਏ ਨੀ ਪਵੇ ਲੋੜ੍ਹਾ,
ਤੈਨੂੰ ਖਿਆਲ ਨਹੀਂ ਨੀ ਅਜੇ ਤਾਕ ਆਯਾ ?
ਮੈਂ ਕਦ ਰਾਜ਼ੀ ਸਾਂ ਏਸ ਝੁਲ੍ਹਾ ਉੱਤੇ,
ਭੁਸਾਂ ਸੱਦਿਆ ਸੈਦਾ ਸੱਫ਼ਾਕ ਆਯਾ ।

ਬਦੋ ਬਦੀ ਨਹੀਂ ਕਦੀ ਵਿਆਹ ਹੁੰਦੇ,
ਐਵੇਂ ਵਾਜਿਆਂ ਦੀ ਪੌਂਦਾ ਧਾਕ ਆਯਾ ।
ਮੇਰੀ ਮੌਤ ਦੀ ਪੜ੍ਹੇਗਾ ਮੇਲ ਚਿਠੀ,
ਇਜ਼ਰਾਈਲ ਖੇੜਾ ਲੈਕੇ ਡਾਕ ਆਯਾ ।

ਛੁਰੀ ਸਗਨ ਦੀ ਪਕੜਕੇ ਹੱਥ ਜ਼ਾਲਮ,
ਮੀਆਂ ਮੁੱਝ ਨੂੰ ਕਰਨ ਹਲਾਕ ਆਯਾ ।
ਸ਼ਾਨ ਰੱਬ ਦੀ ਖੇੜਿਆਂ ਝੇੜਿਆਂ ਲਈ,
ਰੰਗ ਰੰਗ ਦਾ ਖਾਣਾ ਖੁਰਾਕ ਆਯਾ ।

ਨਾਂ ਕੋਈ ਰਾਂਝੇ ਗਰੀਬ ਨੂੰ ਪੁੱਛਦਾ ਏ,
ਖੇੜ੍ਹਾ ਲੰਮੀਆਂ ਮੰਜ਼ਲਾਂ ਝਾਕ ਆਯਾ ।
ਅੱਗੇ ਜੰਨਤ ਹਜ਼ਾਰਿਓਂ—ਵਾਂਗ ਆਦਮ,
ਹੋਕੇ ਹੱਥੋਂ ਭਰਾਵਾਂ ਗ਼ਮਨਾਕ ਆਯਾ ।

ਚੱਕੀ ਦੁੱਖਾਂ ਦੀ ਤੁਸਾਂ ਭੀ ਪੀਸ ਦਿਤਾ,
ਹੈਸੀ ਕਣਕ ਵਾਂਗੂੰ ਸੀਨਾ ਚਾਕ ਆਯਾ।
ਵੇਖ ਵੇਖ ਮਾਏ ਓਹਦੇ ਹਾਲ ਉਤੇ,
ਝੜੀਆਂ ਬੰਨ੍ਹਕੇ ਹੰਝੂ ਅਫ਼ਲਾਕ ਆਯਾ।

ਅਧੜ ਵੰਜਾ ਕਬੂਲ ਰੰਝੇਟੜੇ ਦਾ,
ਚੁੱਲ੍ਹੇ ਪਾ ਜੋ ਜੋੜਾ ਪਸ਼ਾਕ ਆਯਾ।
ਨੀ ਮੈਂ ਓਸ ਰੰਝੇਟੇ ਦੀ 'ਸ਼ਰਫ਼' ਬਾਂਦੀ,
ਜਿਦ੍ਹੇ ਵਾਸਤੇ ਤਾਜ ਲੌਲਾਕ ਆਯਾ।

* *
*

ਪੰਜਵੀਂ ਲੜੀ

ਇਤਫ਼ਾਕ ਤੇ ਦੇਸ਼ ਭਗਤੀ ਦੇ ਸੁੰਦਰ ਉਪਦੇਸ਼ !

ਕੀਤਾ ਫੁੱਟ ਡਾਢਾ ਚਕਨਾਚੂਰ ਸਾਨੂੰ

ਰੋ ਰੋ ਖਾਲਸਾ ਕੱਲ੍ਹ ਇਕ ਆਖਦਾ ਸੀ,
[illegible]ਰੂ ਜੀ ਛੱਡ ਨਾਂ ਬਿਨਾ ਕਸੂਰ ਸਾਨੂੰ ।
ਸਿਰ [illegible]ਏ ਤੇ ਸਿਰੜ ਨਾਂ ਕਦੀ ਜ਼ਾਏ,
ਆਪੇ ਦਸਿਆ ਤੁਸਾਂ ਦਸਤੂਰ ਸਾਨੂੰ ।

ਹੁਣ [illegible] ਸ਼ਾਨਤੀ ਦੀ ਪੱਟੀ ਬੰਨਦੇ ਹੋ,
ਅੰਮ੍ਰਿਤ ਪਾਨ ਦਾ ਚਾੜ੍ਹ ਸਰੂਰ ਸ਼ਾਨੂੰ ।
ਚੋਜਾਂ ਵਾਲਿਆਂ ਆਪੇ ਤੂੰ ਭੁੱਲ ਬੈਠੋਂ,
ਕਰਕੇ ਜੱਗ ਦੇ ਵਿਚ ਮਸ਼ਹੂਰ ਸਾਨੂੰ ।

ਅਬਚਲ ਨਗਰ ਵਾਲੀ ਮਿੱਠੀ ਨੀਂਦ ਸੌਂ ਕੇ,
ਜੇਕਰ ਵਿੱਸਰੇ ਤੁਸੀਂ ਹਜ਼ੂਰ ਸਾਨੂੰ ।
ਤੇਰੇ ਫੱਟ ਪੁਰਾਣੇ ਅਜ ਨਵੇਂ ਸਿਰਿਓਂ,
ਪੈ ਗਏ ਦੱਸਣੇ ਫੇਰ ਜ਼ਰੂਰ ਸਾਨੂੰ ।

ਗਿਰੀ ਨਦੀ ਦੇ ਜਮਨਾਂ ਦੇ ਰਣ ਅੰਦਰ,
ਡੋਬੂ ਕਾਂਗ ਬਣਕੇ ਅਸੀਂ ਫਿਰਨ ਵਾਲੇ।
ਸੂਰਜ ਬੀਰਤਾ ਦਾ ਤੂੰ ਸੈਂ ਜੱਗ ਅੰਦਰ,
ਅਸੀਂ ਬਣ ਬਣ ਕੇ ਕਿਰਨਾਂ ਕਿਰਨ ਵਾਲੇ।

ਬਾਈ ਧਾਰਾਂ ਦੇ ਤੋੜਕੇ ਵਲਗਣੇ ਨੂੰ,
ਤੇਰੇ ਕੜੇ ਦੇ ਘੇਰੇ ਵਿਚ ਘਿਰਨ ਵਾਲੇ।
ਕੇਸਾਂ ਕੰਘਿਆਂ ਦੀ ਆਨ ਸ਼ਾਨ ਬਦਲੇ,
ਅਸੀਂ ਨਾਲ ਕਲਵੱਤਰਾਂ ਚਿਰਨ ਬਦਲੇ।

ਤੇਗੀ ਤੇਗ਼ ਦੇ ਅੰਤਰੇ ਦੇਣ ਦਾ ਭੀ,
ਹੈ ਦਸ਼ਮੇਸ਼ ਜੀ ਮਾਨ ਜ਼ਰੂਰ ਸਾਨੂੰ।
ਕੇਸ ਗੜ੍ਹ ਦੇ ਕਿਲੇ ਦਾ ਰੋੜ੍ਹ ਇਕ ਇਕ,
ਪਿਆ ਕਹਿੰਦਾ ਏ ਚਿੰਦਾ ਮਨਸੂਰ ਸਾਨੂੰ।

ਅਸੀਂ ਘੱਤਕੇ ਗਏ ਵਹੀਰ ਜਿਧਰ,
ਸ਼ੇਰਾਂ ਡਰਦਿਆਂ ਨੇ ਜੰਗਲ ਛੋੜ ਦਿਤੇ।
ਜੇੜ੍ਹੇ ਮੁੱਛ ਤੇ ਨਿੰਬੂ ਟਿਕਾਂਵਦੇ ਸਨ,
ਫੜਕੇ ਨਿੰਬੂ ਦੇ ਵਾਂਗ ਨਚੋੜ ਦਿਤੇ।

ਸ਼ੀਸ਼ਾ ਆਤਸ਼ੀ ਤੇਗ਼ ਦਾ ਦੱਸਕੇ ਤੇ,
ਸ਼ਾਹੀ ਦਲਾਂ ਦੇ ਮੂੰਹ ਸਨ ਮੋੜ ਦਿਤੇ।
ਤੇਰੇ ਛੋਲਿਆਂ ਦੀ ਮੁੱਠ ਮੁੱਠ ਖਾਕੇ,
ਖੀਵੇ ਹਾਥੀਆਂ ਦੇ ਸੀਸ ਤੋੜ ਦਿਤੇ।

ਚਿੱਪਰ ਚਿੱਪਰ ਚਮਕੌਰ ਦੇ ਰੋੜ ਵਾਲੀ,
ਹੈਸੀ ਜਾਪਦੀ ਸੁਰਗਾਂ ਦੀ ਹੂਰ ਸਾਨੂੰ।
ਤੈਨੂੰ ਮਿਲੀ ਜੇ ਕਿਤੋਂ ਬੰਦੂਕ ਡਾਲੀ,
ਉਹਦੀ ਗੋਲੀ ਸੀ ਵਾਂਗ ਅੰਗੂਰ ਸਾਨੂੰ।

ਹੱਛੀ ਤਰ੍ਹਾਂ ਹੈ ਤੈਨੂੰ ਭੀ ਏਹ ਚੇਤਾ,
ਤੈਥੋਂ ਕੀਕਰਾਂ ਜਾਨ ਘੁਮਾਂਵਦੇ ਸਾਂ।
ਤੇਰੇ ਚਰਨਾਂ ਦਾ ਖੋਜ ਜੋ ਮੇਟਦਾ ਸੀ,
ਅਸੀਂ ਜੱਗ ਤੋਂ ਓਹਨੂੰ ਮਿਟਾਂਵਦੇ ਸਾਂ।

ਤੇਰੇ ਨਾਮ ਪਵਿਤਰ ਦੇ ਜਾਪ ਬਦਲੇ,
ਦੌਲਤ ਦੁਨੀਆਂ ਦੀ ਮੂੰਹ ਨਾਂ ਲਾਂਵਦੇ ਸਾਂ।
ਸਰੋ ਪਾ ਜਗੀਰਾਂ ਨੂੰ ਸਮਝ ਖਿੱਦੋ,
ਅਸੀਂ ਠੇਡਿਆਂ ਨਾਲ ਉਡਾਂਵਦੇ ਸਾਂ।

ਪਰਲੋ ਤੀਕ ਓਹ ਕਦੀ ਭੀ ਭੁੱਲਣਾ ਨਹੀਂ,
ਮੁਕਤਸਰ ਦਾ ਜਲਵਾ ਕੋਹਤੂਰ ਸਾਨੂੰ।
ਧੰਨ ਧੰਨ ਸਿੱਖੀ ਤੂੰ ਭੀ ਆਖਿਆ ਸੀ,
ਕਰਕੇ ਆਪਣੀ ਨਜ਼ਰ ਮਨਜ਼ੂਰ ਸਾਨੂੰ।

ਤਰੁਨਾ ਦਲ ਜਦ ਚੜ੍ਹ ਪਿਆ ਕਦੀ ਸਾਡਾ,
ਬਾਸ਼ਕ ਨਾਗ ਦੀ ਧੌਣ ਭੀ ਹੰਬਦੀ ਸੀ।
ਤੀਰ ਵੇਖਕੇ ਤੇਰਿਆਂ ਬੰਦਿਆਂ ਦੇ,
ਪਈ ਦਿਲੀ ਦੀ ਭੌਂ ਵੀ ਕੰਬਦੀ ਸੀ।

ਪਿੱਤੇ ਫੁੱਟੀਆਂ ਹੁੰਦੇ ਸਨ ਰੁਸਤਮਾਂ ਦੇ,
ਅਸਾ ਤੇਗ ਦੀ ਝੰਬਣੀ ਝੰਬਦੀ ਸੀ।
ਅੱਗ ਵੇਖਕੇ ਸਾਡੀ ਬਹਾਦਰੀ ਦੀ,
ਹਾਂਡੀ ਰਿੱਝਦੀ ਕਾਹਨਵਾਨ ਛੰਬ ਦੀ ਸੀ।

ਤਿਖੇ ਖਿੰਘਰ ਓਹ ਪਰਬਤ ਖੁੰਦਰਾਂ ਦੇ,
ਹੈਸਨ ਲੱਗਦੇ ਵਾਂਗ ਸਮੂਰ ਸਾਨੂੰ।
ਚੰਨ ਪੂਰਨਮਾਸ਼ੀ ਦਾ ਜਾਪਦਾ ਸੀ,
ਤੇਰੀ ਕਲਗੀ ਪਿਆਰੀ ਦਾ ਨੂਰ ਸਾਨੂੰ।

ਸੁੰਦਰ ਮੀਰ ਸ਼ਿਕਾਰੀਆਂ ਕੇਸ ਤੇਰੇ,
ਪੈ ਗਏ ਗੱਲਾਂ ਦੇ ਵਿਚ ਕਮੰਦ ਹੋ ਕੇ।
ਜੇ ਤੂੰ ਇਕ ਸ਼ਹੀਦੀ ਦੀ ਮੰਗ ਮੰਗੀ,
ਅਸਾਂ ਭਰੇ ਸੀ ਗੰਜ ਅਨੰਦ ਹੋਕੇ।

ਚੜ੍ਹੇ ਹੱਸਦੇ ਰੱਸਦੇ ਚਰਖੀਆਂ ਤੇ,
ਲਥੇ ਸੂਤ ਬਰੀਕ ਦੀ ਤੰਦ ਹੋਕੇ।
ਗੋਬਿੰਦ ਨਾਮ ਦੇ ਅੱਖਰ ਲਿਖਦੇ ਸਨ,
ਕਲਮ ਕਲਮ ਸਾਡੇ ਬੰਦ ਬੰਦ ਹੋਕੇ।

ਚੱਕੀ ਪੀਂਹਦੀਆਂ ਸਿੰਘ ਬੀਰੰਗਣਾਂ ਦੇ,
ਨਹੀਂ ਓਹ ਭੁਲਣੇ ਕਹਿਰ ਕਲੂਰ ਸਾਨੂੰ।
ਟੋਟੇ ਪੁਤਾਂ ਦੇ ਝੋਲੀਆਂ ਵਿਚ ਪਾਉਣੇ,
ਪਕਾ ਯਾਦ ਹੈ ਸਬ੍ਰ ਸਬੂਰ ਸਾਨੂੰ।

ਗੰਢ, ਗੜ੍ਹ, ਨਾਲੇ ਨਾਨ ਗੁੱਲ ਵਾਲਾ,
ਘਲੂਘਾਰਾ ਨਾ ਅਜੇ ਤਕ ਭੁਲਿਆ ਏ।
ਥਾਂ ਥਾਂ ਠਿਰੀ ਪਹਾੜੀ ਦੇ ਪੱਥਰਾਂ ਤੇ,
ਤੇਰੇ ਸੂਰਿਆਂ ਦਾ ਖੂਨ ਡੁਲ੍ਹਿਆ ਏ।

ਫੂਲਾ ਸਿੰਘ ਦੀ ਡੁਲ੍ਹੀ ਸੀ ਰੱਤ ਜਿਥੇ,
ਓਥੇ ਖੂਨੀ ਗੁਲਾਬ ਅਜ ਫੁਲਿਆ ਏ।
ਬੂਟੀ ਹਰੀ-ਪੁਰ ਫੁੱਲਾਂ ਦੀ ਮਹਿਕਦੀ ਏ,
ਜਿਥੇ ਹਰੀ ਸਿੰਘ ਦਾ ਮੁੜ੍ਹਕਾ ਰੁਲਿਆ ਏ।

ਵਲ ਵਿੰਗ ਸਨ ਜਿਨ੍ਹਾਂ ਦੇ ਅਸਾਂ ਖੋਹਲੇ,
ਅਜ ਓਹ ਵੇਖਦੇ ਨੇ ਘੂਰ ਘੂਰ ਸਾਨੂੰ।
ਕਰੀਏ ਕੀਹ ਕੋਈਥਾਂ ਨਹੀਂ ਵੇਹਲ ਦੇਂਦੀ,
ਜ਼ਿਮੀਂ ਸਖਤ ਤੇ ਅੰਬਰ ਹੈ ਦੂਰ ਸਾਨੂੰ।

ਕੀਤੇ ਕੌਲ ਇਕਰਾਰ ਨਿਭਾਏ ਪਿੱਛੇ,
ਅਗੂੰ ਪਾਲ ਵਿਖਾਉਨੀਆਂ ਬੋਲੀਆਂ ਨੇ।
ਅਜ ਕਲ ਨਨਕਾਣੇ ਦੇ ਵਿਚ ਜਾਕੇ,
ਰੱਤ ਭਿੰਨੀਆਂ ਖੇਡੀਆਂ ਹੋਲੀਆਂ ਨੇ।

ਫਟ ਵੇਖ ਲੈ ਗੁਰੂ ਦੇ ਬਾਗ ਦੇ ਭੀ,
ਅਸਾਂ ਅੱਕ ਕੇ ਛਾਤੀਆਂ ਖੋਲੀਆਂ ਨੇ।
ਜੈਤੋ ਵਿਚ ਜਾ ਜਾ ਹੰਸਾਂ ਤੇਰਿਆਂ ਨੇ,
ਮੋਤੀ ਸਮਝਕੇ ਖਾਧੀਆਂ ਗੋਲੀਆਂ ਨੇ।

ਬੇੜੀ ਜੇਲ ਦੀ ਵਿਚ ਭੀ ਹਾਂ ਬੈਠੇ,
ਹੁਣ ਤੇ ਪਾਰ ਲਾਦੇ ਪਹਿਲੇ ਪੂਰ ਸਾਨੂੰ।
ਨੀਲੇ ਵਾਲਿਆ ਤੇਰੀ ਉਡੀਕ ਅੰਦਰ,
ਪੈ ਗਏ ਅੱਖੀਆਂ ਦੇ ਵਿਕ ਨਾਸੂਰ ਸਾਨੂੰ।

ਹੁਣ ਏਹ ਤੌਖਲਾ ਏ ਮੱਥੇ ਸੂਰਿਆਂ ਦੇ,
ਕਿਤੇ ਹੋਰ ਕਲੰਕ ਨਾ ਲਗ ਜਾਵੇ।
ਵਾ ਪੱਛਮੀ ਜੇਹੜੀ ਏਹ ਸੁਰਕਦੀ ਏ,
ਬਣਕੇ ਕਿਤੇ ਹਨੇਰੀ ਨਾਂ ਵੱਗ ਜਾਵੇ।

ਆਪੋ ਵਿਚ ਖਹਿ ਖਹਿ ਵਾਂਸਾਂ ਵਾਂਗ ਕਿਧਰੇ,
ਏਸ ਝੱਲ ਨੂੰ ਅੱਗ ਨਾਂ ਲੱਗ ਜਾਵੇ।
ਸਾਨੂੰ ਰੋਂਦਿਆਂ ਵੇਖਕੇ ਮਤਾਂ ਪਿੱਛੋਂ,
ਕਰਦਾ ਚਿੱਘੀਆਂ ਹੱਸਦਾ ਜੱਗ ਜਾਵੇ।

'ਸ਼ਰਫ਼' ਦਾਨ ਇਤਫ਼ਾਕ ਦਾ ਮੰਗਦੇ ਹਾਂ,
ਕਰ ਦੇ ਮੇਹਰ ਦੇ ਨਾਲ ਭਰਪੂਰ ਸਾਨੂੰ।
ਕਲਗੀ ਵਾਲਿਆ ਜੋੜ ਦੇ ਫੇਰ ਮੁੜਕੇ,
ਕੀਤਾ ਫੁੱਟ ਡਾਢਾ ਚਕਨਾ ਚੂਰ ਸਾਨੂੰ।

* *
*

ਧਰਮ ਦੀ ਕੁਠਾਲੀ ਵਿਚ ਕੀਕੂੰ ਜਿੰਦ ਗਾਲੀ ਦੀ!

ਐਸੇ ਵਗੇ ਜਰੇ ਹੋਇ ਨੇ ਦਾਗ ਸਾਡੇ ਦਿਲ ਵਾਲੇ,
ਬੁਝ ਜਾਵੇ ਦੀਪ-ਮਾਲਾ ਵੇਖਕੇ ਦੀਵਾਲੀ ਦੀ।
'ਮਾਨੀ' ਭੀ ਨਾਸ਼ਾਦ ਹੋਕੇ ਹੋਕੇ ਲੇਣ ਲੱਗ ਜਾਂਵੇ,
ਮੂਰਤ ਜੇ ਬਨੌਣ ਲੱਗੇ ਸੰਗਤ ਦੁੱਖਾਂ ਵਾਲੀ ਦੀ।

ਸਿੱਖ ਜਾਣ ਸਿੱਖਾਂ ਕੋਲੋਂ ਸੋਨਾ ਚਾਂਦੀ ਦੋਵੇਂ ਆਕੇ,
ਧਰਮ ਦੀ ਕੁਠਾਲੀ ਅੰਦਰ ਕੀਕਰ ਜਿੰਦਗਾਲੀ ਦੀ।
ਸੋਨਾ ਗੁਰੂ ਵਾਲਾ ਭੁੰਜੇ ਲਿਖ ਲੀਤਾ ਸੀਨਿਆਂ ਤੇ,
ਲੋੜ ਤੋੜ ਛੱਡੀ ਤਦੇ ਲੋਫ ਤੇ ਨਿਹਾਲੀ ਦੀ।

ਹੋਰ ਦੀ ਗ਼ੁਲਾਮੀ ਦੀ ਉਹ ਬੇੜੀ ਭਲਾ ਪਾਉਣ ਕੀਕੂੰ ?
ਵਾਲੀ ਜਿਨ੍ਹਾਂ ਕੰਨ ਪਾਈ ਦਸਮ ਪਿਤਾ ਵਾਲੀ ਦੀ।
ਸ਼ੇਰ ਵਾਂਗੂੰ ਜਾਣ ਸਿੱਧਾ ਗੋਲੀਆਂ ਦੀ ਕਾਂਗ ਅੰਦਰ
ਛਕ ਲੀਤੀ ਬੂੰਦ ਜਿਨ੍ਹਾਂ ਅੰਮ੍ਰਿਤ ਪਿਆਲੀ ਦੀ।

ਮੂੰਹ ਮੀਟ ਚੁੱਪ ਕੀਤੇ ਚੁਗ਼ਲ ਖੋਰ ਰਹਿਣ ਕੀਕੂੰ,
ਵਾਦੀ ਜਿਨ੍ਹਾਂ ਡੰਗਰਾਂ ਨੂੰ ਮੁੱਢੋਂ ਹੈ ਜੁਗਾਲੀ ਦੀ।
ਏਥੇ ਈ ਮੁਕਾਲਾ ਹੁੰਦਾ ਅੰਤ ਵੇਖੋ ਪਾਪੀਆਂ ਦਾ,
ਕੋਲਿਆਂ ਦੇ ਵਣਜ ਇਹੋ ਖੱਟੀ ਹੈ ਦਲਾਲੀ ਦੀ।

ਸ਼ਾਂਤਮਈ ਕੜੇ ਅੰਦਰ ਜੇ ਨਾਂ ਹੱਥ ਕੜੇ ਹੁੰਦੇ,
ਫੇਰ ਅਸੀਂ ਦੱਸਦੇ ਜਿਉਂ ਸ਼ਾਨ ਏ ਵਿਖਾਲੀ ਦੀ।
ਜ਼ੱਰਾ ਜ਼ੱਰਾ ਚਮਕਦਾ ਚਮਕੌਰ ਦੇ ਮੈਦਾਨ ਵਾਲਾ,
ਅੰਬਰਾਂ ਨੂੰ ਲੱਗਦੀ ਦੁਪਹਿਰੇ ਅੱਗ ਲਾਲੀ ਦੀ।

ਹੁਣ ਤੇ ਇਹ ਕੌਲ ਕੀਤਾ ਸ਼ਾਨਤੀ ਨੂੰ ਤੋੜਨਾ ਨਹੀਂ,
ਭਾਵੇਂ ਵੱਸੇ ਮੀਂਹ ਵਾਂਗ ਗੋਲੀ ਪਈ ਦੁਨਾਲੀ ਦੀ।
ਓਦੋਂ ਈ ਤੂੰ ਥੋਹਰ ਵਾਂਗੂੰ ਪਾਪ ਜਾਣਾ ਪੁੱਟਿਆ ਏ,
ਜਦੋਂ ਕਿਤੇ ਨਿਗ੍ਹਾ ਪੈ ਗਈ ਦਸਮ ਗੁਰੂ ਮਾਲੀ ਦੀ।

ਮਿੱਟੀ ਅੰਦਰ ਜਿੰਦ ਪਾਵੇ, ਮੋਏ ਹੋਏ ਕਰੇ ਜ਼ਿੰਦਾ,
ਡੁੱਲ੍ਹੇ ਜਿਥੇ ਛਿੱਟ ਖ਼ੂਨੀ ਕਿਸੇ ਜਾ ਅਕਾਲੀ ਦੀ।
'ਸ਼ਰਫ਼' ਸਾਡੇ ਖ਼ੂਨ ਵਾਲੀ ਤੜਫਕੇ ਗਵਾਹੀ ਦੇਗੀ,
ਮੱਛੀ, ਵਾਂਗੂੰ ਮੱਛ ਰਖਾ ਤੇਰੀ ਈ ਹਥਾਲੀ ਦੀ।

ਮੈਂ ਤਾਂ 'ਸ਼ਰਫ਼' ਆਜ਼ਾਦੀ ਨੂੰ ਪਿੱਟਨੀ ਹਾਂ।

ਦਰਜਾ ਯਾਰ ਦਾ ਵੱਧ ਭਰਾ ਕੋਲੋਂ
ਲੋਕੀਂ ਆਖਦੇ ਹੈਨ ਜਹਾਨ ਅੰਦਰ।
ਬਿਪਤਾ ਭੀੜ ਅੰਦਰ ਯਾਰ ਕੰਮ ਆਵੇ,
ਯਾਰ ਨਿੱਤਰੇ ਰਣ ਮੈਦਾਨ ਅੰਦਰ।
ਹੋਵੇ ਯਾਰ ਤਲਵਾਰ ਹਮੈਤ ਵਾਲੀ,
ਸੱਚੇ ਪਿਆਰ ਦੀ ਸੁੰਦਰ ਮਿਆਨ ਅੰਦਰ।
ਅੰਮਾਂ ਜਾਏ ਭਰਾ ਸ਼ਰੀਕ ਹੁੰਦੇ,
ਦੁਨੀਆਂ ਦੱਸਦੀ ਪਈ ਅਖਾਨ ਅੰਦਰ।

ਬੇਸ਼ਕ ਹੋਣਗੇ ਜੱਗ ਤੇ ਯਾਰ ਲੱਖਾਂ,
ਅਸਲੇ ਵਾਲੜਾ ਕੋਈ ਕਹਾਂਵਦਾ ਏ।
ਕਤਰੇ ਵੱਸਦੇ ਰਹਿਣ ਬੇਅੰਤ ਜਿਵੇਂ,
ਮੋਤੀ ਕਿਸੇ ਨੂੰ ਰੱਬ ਬਣਾਂਵਦਾ ਏ।

ਏਸੇ ਤਰ੍ਹਾਂ ਦਾ ਹੈ ਇੱਕ ਯਾਰ ਮੇਰਾ,
ਸੈਆਂ ਯਾਰਾਂ ਚੋਂ ਇੱਕ ਕਹੋਣ ਵਾਲਾ।
ਦੁੱਖ ਭੀੜ ਦੇ ਵਿਚ ਭਿਆਲ ਸਾਵਾਂ,
ਮੋਰੇ ਮੁੜ੍ਹਕੇ ਤੇ ਰੱਤ ਵਗੌਣ ਵਾਲਾ।

ਹਸਮੁਖ ਤੇ ਸੁਘੜ ਸੁਭਾ ਨਿੱਘਾ,
ਰੋਂਦੀ ਪਰਿਆਂ ਨੂੰ ਕੱਲਾ ਹਸੌਣ ਵਾਲਾ।
ਭਾਵੇਂ ਘਿਓ ਦਾ ਘੜਾ ਵੀ ਡੁੱਲ੍ਹ ਜਾਵੇ,
ਤਿਲ ਜਿੰਨਾ ਓਹ ਭਰਮ ਨਹੀਂ ਲੌਣ ਵਾਲਾ।

ਜਦੋਂ ਹੁੰਦਾ ਹੈ ਚਿੱਤ ਉਦਾਸ ਮੇਰਾ,
ਗੱਲਾਂ ਓਹਦੀਆਂ ਨਾਲ ਹੀ ਪਰਚਦਾ ਏ।
ਦੌਲਤ ਮੇਹਰ ਮਿਲਾਪ ਵਫ਼ਾ ਵਾਲੀ,
ਖੁੱਲ੍ਹੇ ਦਿਲ ਦੇ ਨਾਲ ਓਹ ਖਰਚਦਾ ਏ।

ਗਿਆ ਕੱਲ ਸਵੇਰੇ ਮੈਂ ਘਰ ਓਹਦੇ,
ਪਿੰਡੇ ਝੁਣਝੁਣੀ ਹੋਈ ਕੁਝ ਤਾਪ ਦੀ ਸੀ।
ਜਾ ਕੇ ਓਸ ਥਾਂ ਅੱਖੀਆਂ ਮੇਰੀਆਂ ਨੇ,
ਡਿਠੀ ਗੱਲ ਏ ਬੜੇ ਸਰਾਪ ਦੀ ਸੀ।
ਕੰਧ ਨਾਲ ਇਕ ਪਿੰਜਰੇ ਵਿਚ ਬੁਲਬੁਲ,
ਪਈ ਵੈਣਾਂ ਦੇ ਰਾਗ ਅਲਾਪਦੀ ਸੀ।
ਰੱਖੇ ਹੋਏ ਬਨੇਰੇ ਤੇ ਕੁਝ ਢੀਂਗਰ,
ਲੱਗੀ ਮਾਖਿਓਂ ਉਨ੍ਹਾਂ ਵਿਚ ਜਾਪਦੀ ਸੀ।

ਚੁੰਝ ਰਖਕੇ ਤਾਰ ਦੇ ਆਸਰੇ ਤੇ,
ਖੁਲ੍ਹਾ ਛੱਡ ਉਡੀਕ ਵਿਚ ਅਖੀਆਂ ਨੂੰ।
ਬੜੀ ਚਾਹ ਦੇ ਨਾਲ ਪਈ ਵੇਖਦੀ ਸੀ।
ਬੁਲਬੁਲ ਔਂਦੀਆਂ ਜਾਂਦੀਆਂ ਮੱਖੀਆਂ ਨੂੰ।

ਆਕੇ ਕਿਸੇ ਖਿਆਲ ਦੇ ਸਪ ਜ਼ਹਿਰੀ,
ਓਹਦੇ ਕਾਲਜੇ ਨੂੰ, ਐਸਾ ਡੰਗ ਦਿਤਾ।

ਤੜਫ ਤੜਫ ਕੇ ਓਸ ਮਲੂਕੜੀ ਨੇ,
ਤੋੜ ਕੱਚ ਵਾਂਗੂ ਅੰਗ ਅੰਗ ਦਿਤਾ।
ਮਾਰ ਮਾਰ ਕੇ ਟੱਕਰਾਂ ਜੋਸ਼ ਅੰਦਰ,
ਨਾਲ ਖੂਨ ਦੇ ਪਿੰਜਰਾ ਰੰਗ ਦਿਤਾ।
ਟੱਪ ਟੱਪ ਕੇ ਵਹਿਸ਼ਣਾਂ ਵਾਂਗ ਓਨ੍ਹੇ,
ਕਈ ਤੀਲੀਆਂ ਤੇ ਪੰਸ਼ ਟੰਗ ਦਿਤਾ।

ਸੁੱਕੀ ਕਲੀ ਦੀ ਖੰਤੜੀ ਜਾਪਦੀ ਸੀ,
ਸਹਿਕ ਸਹਿਕ ਕੇ ਓਹਦੀ ਜ਼ਬਾਨ ਨਿਕਲੀ।
ਨਾਂ ਤਾਂ ਪਿੰਜਰੇ ਵਿਚੋਂ ਓਹ ਨਿਕਲ ਸਕੀ,
ਨਾਹੀਂ ਪਿੰਜਰ ਵਿਚੋਂ ਓਦ੍ਹੀ ਜਾਨ ਨਿਕਲੀ।

ਆ ਗਈ ਉੱਡਕੇ ਓਸ ਥਾਂ ਇਕ ਮੱਖੀ,
ਬੜੇ ਰੋਹ ਦੇ ਨਾਲ ਸਮਝੌਣ ਲਗੀ।
'ਨਿੱਤ ਜੰਮੀਏਂ ਤੱਤ ਕਰੱਮੀਏਂ ਨੀ,
ਕਾਹਨੂੰ ਇਸ਼ਕ ਨੂੰ ਲਾਜ ਹੈਂ ਲੌਣ ਲਗੀ।
ਮਰਕੇ ਆਪਣੇ ਆਪ ਹਰਾਮ ਮੌਤੇ,
ਗਲੇ ਫਾਹ ਕਿਆਮਤ ਦਾ ਪੌਣ ਲਗੀ।
ਤੇਰੇ ਜਹੇ ਕਈ ਹੋਰ ਵੀ ਹੈਨ ਆਸ਼ਕ,
ਨੀ ਤੂੰ ਨਵਾਂ ਨਹੀਂ ਇਸ਼ਕ ਕਮੌਣ ਲਗੀ।

ਹੋਈਓਂ ਕੈਦ ਤੇ ਹੋਗਿਆ ਕੀ ਮੋਈਏ ?
ਏਸੇ ਤਰ੍ਹਾਂ ਪ੍ਰੇਮ ਪਰਖਾਈਦਾ ਏ।
ਯੂਸਫ ਵਾਂਗ ਪਹਿਲੋਂ ਬੰਦੀਵਾਨ ਬਣਕੇ,
ਫੇਰ ਤਖਤ ਅਜ਼ੀਜ਼ ਦਾ ਪਾਈਦਾ ਏ।

ਅੱਖਾਂ ਖੋਲ੍ਹਕੇ ਹੋਸ਼ ਦੇ ਨਾਲ ਬਹਿ ਜਾ,
ਦੱਸਾਂ ਹਾਲ ਮੈਂ ਤੇਰ ਪਿਆਰਿਆਂ ਦਾ।
ਤੇਰੇ ਪਿਆਰ ਪ੍ਰੇਮ ਦੇ ਹੋਰਵੇ ਨੇ,
ਲਹੂ ਸਾੜ ਦਿਤਾ ਫੁੱਲਾ ਸ਼ਾਹਿਆਂ ਦਾ।
ਸਰ੍ਹੋਂ ਫੁੱਲ ਗਈ ਦੀਦਿਆਂ ਵਿਚ ਮੇਰੇ,
ਰੰਗ ਵੇਖ ਕੇ ਜ਼ਰਦ ਵਿਚਾਰਿਆਂ ਦਾ।
ਡੇਲੇ ਨਰਗਸੀ ਪੱਕਕੇ ਹੋਏ ਪੀਲੇ,
ਜਾਂਦਾ ਠਰਕ ਨਹੀਂ ਅਜੇ ਨਜ਼ਾਰਿਆਂ ਦਾ।

ਫਿੱਤੀ ਫਿੱਤੀ ਹਜ਼ਾਰੇ ਦਾ ਫੁੱਲ ਹੋਇਆ,
ਤੇਰੇ ਹਿਜਰ ਦੀ ਝੰਬਣੀ ਝੰਬਿਆ ਏ।
ਰੱਤ ਸੁੱਕ ਗਈ ਖੱਟਿਆਂ ਮਿੱਠਿਆਂ ਈ,
ਵੇਖ ਵੇਖਕੇ ਕਿਬ ਭੀ ਕੰਬਿਆ ਏ।

ਨਿੰਬੂ ਵਾਂਗ ਨਚੋੜਿਆ ਸੰਗਤਰੇ ਨੂੰ,
ਗਲਗਲ ਰੋਂਵਦੀ ਏ ਗੱਲ ਗੱਲ ਉਤੇ।
ਆਖੇ ਮਾਲਟਾ ਪਿਆ ਚਕੋਧਰੇ ਨੂੰ,
ਚਾਕੂ ਰੱਖ ਕੇ ਆਪਣੇ ਗਲ ਉਤੇ।
ਝੂਠਾ ਸਾਰੇ ਜਹਾਨ ਦਾ ਨਜ਼ਰ ਆਇਆ,
ਨਹੀਂ ਪ੍ਰਤੀਤ ਗੁਲਾਬ ਦੀ ਗਲ ਉਤੇ।
ਵਰੀ ਆਪਣੇ ਸੀਸ ਦੀ ਚਾੜ੍ਹ ਦੇਈਏ,
ਆਖੀ ਹੋਈ ਮਾਸ਼ੂਕ ਦੀ ਗੱਲ ਉਤੇ।

ਮੁੱਦਾ ਕੀ ਕਿ ਬਾਗ ਦੇ ਵਿਚ ਹੁਣ ਤੇ,
ਆਈ ਹੋਈ, ਬਹਾਰ ਬਸੰਤ ਦੀ ਏ।

ਤੇਰੇ ਹਿੱਜਰ ਨੇ ਜੱਗ ਦੇ ਮੁਖੜੇ ਤੇ,
ਧੂੜੀ ਹੋਈ ਵਸਾਰ ਬਸ-ਅੰਤ ਦੀ ਏ।

ਆ ਕੇ ਪੈਨੀਆਂ ਪੋਨੀਆਂ ਗੈਂਦਲਾਂ ਤੇ,
ਝੜੀਆਂ ਇਞ ਬਸੰਤ ਨੇ ਲਾਈਆਂ ਨੇ।
ਸਿਰ ਸੋਨੇ ਦੇ ਫੁੱਲ ਤੇ ਚੌਂਕ ਪਾਕੇ,
ਨਵੀਆਂ ਵਹੁਟੀਆਂ ਵਾਂਗ ਸਜਾਈਆਂ ਨੇ।
ਖੱਟੇ ਕਪੜੇ ਪਹਿਨ ਅਨਾਥ ਕੁੜੀਆਂ,
ਯਾ ਏ ਆਸ਼ਰਮ ਦੇ ਵਿਚੋਂ ਆਈਆਂ ਨੇ।
ਨਿੱਕੇ ਨਿੱਕੇ ਏਹ ਫੁੱਲਾਂ ਦੇ ਗੁਲਦਸਤੇ,
ਭੇਟਾ ਕਰਨ ਹਕੀਕਤ ਦੀ ਧਾਈਆਂ ਨੇ।

ਸੂਰਜ ਦੇਵਤੇ ਜਦੋਂ ਏਹ ਰੰਗ ਡਿਠਾ,
ਕੱਢ ਕਿਰਨਾਂ ਦੀ ਜ਼ਰੀ ਲੁਟਾ ਦਿਤੀ।
ਹੇਠਾਂ ਖੱਟੀ ਦਰਿਆਈ ਦਾ ਫ਼ਰਸ਼ ਕਰਕੇ।
ਉੱਤੇ ਸਿਲਮੇਂ ਦੀ ਚਾਨਣੀ ਲਾ ਦਿਤੀ।

ਤਾਰੇ ਮੀਰੇ ਪਿਆਰੇ ਦੇ ਖੇਤ ਅੰਦਰ,
ਲੱਗੀ ਹੁਸਨ ਦੀ ਅੱਜ ਫੁਲਝੜੀ ਹੋਈ ਏ।
ਹਰੀ ਹਰੀ ਜ਼ਮੁੱਰਦੀ ਸ਼ਾਲ ਕੋਈ,
ਜਿਵੇਂ ਤਾਰਿਆਂ ਦੇ ਨਾਲ ਜੜੀ ਹੋਈ ਏ।
ਵਿਰਲੀ ਵਾਂਜੜੀ ਰਾਈ ਦੀ ਕਿਤੇ ਗੈਂਦਲ,
ਮੁੱਗੜ ਮਰਕੇ ਦਿਸਤਰ੍ਹਾਂ ਖੜੀ ਹੋਈ ਏ।
ਜਿਵੇਂ ਸੱਜਰੀ ਸੱਜਰੀ ਬੰਨਰੀ ਕੋਈ,
ਨਾਲ ਆਪਣੇ ਕੰਤ ਦੇ ਲੜੀ ਹੋਈ ਏ।

ਸੁੱਕ ਗਿਆ ਸੀ ਤੇਰੀਆ ਤਾਂਘ ਅੰਦਰ,
ਚਿੱਠੀ ਆ ਗਈ ਓਹਨੂੰ ਬੁਲਾਵਿਆਂ ਦੀ।
ਬਣਕੇਚੰਦ ਬਕਰੀਦ ਦਾ ਜ਼ਿਬ੍ਹਾ ਕਰ ਗਈ,
ਫਿਰਗਈ ਗਲੇ ਤੇ ਦਾਤਰੀਲਾਵਿਆਂਦੀ।'

ਬੁਲਬੁਲ ਰੋ ਕੇ ਮੱਖੀ ਨੂੰ ਆਖਿਆ ਏ,
'ਗੁਸੇ ਨਾਲ ਮੈਨੂੰ ਤਾੜਨ ਵਾਲੀਏ ਨੀ।
ਬਾਗ਼ਾਂ ਬੂਟਿਆਂ ਦੀ ਮਾਇਆ ਲੁੱਟ ਸਾਰੀ,
ਕੱਲੋ ਢਿੱਡ ਅੰਦਰ ਵਾੜਨ ਵਾਲੀਏ ਨੀ।
ਚੂਪ ਚੱਟਕੇ ਫੁੱਲਾਂ ਦਾ ਰੂਪ ਸੁੰਦਰ,
ਸੋਨਾ ਬੁਲਬੁਲਾਂ ਦਾ ਪਾੜਨ ਵਾਲੀਏ ਨੀ।
ਨਿੱਕੇ ਨਿੱਕੇ ਪਤੰਗਿਆਂ ਸੋਹਦਿਆਂ ਨੂੰ,
ਮੋਮ ਬਤੀਆਂ ਨੂੰ ਸਾੜਨ ਵਾਲੀਏ ਨੀ।

ਮੇਰੀ ਉਮਰ ਦੀ ਖਿਸਕਵੀਂਗੰਢ ਨੂੰ ਕਿਉਂ,
ਵਲ ਗਲ ਵਿਚ ਪਾ ਪਾ ਨੂੜਿਆ ਈ?
ਖੁੰਡ ਖੁੰਡ ਕੇ ਅੱਲੜੇ ਘਾ ਮੇਰੇ,
ਕਾਹਨੂੰ ਸੇਖ਼ਤਾ ਦਾ ਲੂਣ ਧੂੜਿਆ ਈ?

ਘੁੰਮਣ ਘੇਰ ਦਰਿਆ ਵਿਚ ਜਾ ਕੇ,
ਬੇੜੀ ਪੈ ਜਾਵੇ ਜਿਨ੍ਹਾਂ ਬਿਆਸਿਆਂ ਦੀ।
ਦਿਸੇ ਸਾਮ੍ਹਣੇ ਕਾਲ ਦਾ ਦਿਓ ਕਾਲਾ,
ਆਸ ਟੁੱਟ ਜਾਏ ਸਾਰਿਆਂ ਪਾਸਿਆਂ ਦੀ।
ਬਣਕੇ ਬੁਲਬੁਲੇ ਸਾਮ੍ਹਣੇ ਪਏ ਟੁੱਟਣ,
ਫਿਰੇ ਨਿਗ੍ਹਾ ਵਿਚ ਸ਼ਕਲ ਪਤਾਸਿਆਂ ਦੀ।

ਤੂੰ ਹੀ ਦੱਸ ਖਾਂ ਉਨ੍ਹਾਂ ਨੂੰ ਖੁਸ਼ੀ ਹੋਵੇ,
ਕਦੋਂ *ਚਾਰਲੀ ਹੁਰਾਂ ਦੇ ਹਾਸਿਆਂ ਦੀ।

ਤੂੰ ਕੀ ਜਾਣਿਆਂ ਫੁਲਾਂ ਦੇ ਸੋਗ ਅੰਦਰ,
ਮੈਂ ਹ ਵਿਰੱਤ ਦੇ ਅਥਰੂ ਸਿੱਟਣੀ ਆ?
ਐਮੀ ਜੱਮੀ ਬਸੰਤ ਦੀ ਰੁਤ ਆਵੇ,
ਮੈਂ ਤਾਂ 'ਸ਼ਰਫ਼' ਅਜ਼ਾਦੀ ਨੂੰ ਪਿੱਟਨੀ ਆਂ।'

❋
❋

*ਚਾਰਲੀ ਸਿਨੇਮਾ ਦਾ ਮਸ਼ਹੂਰ ਮਖਸਰਾ ਐਕਟਰ ਹੈ।

ਛੇਵੀਂ ਲੜੀ

ਗਰੀਬਾਂ ਨੂੰ ਹਲੂਣੇ

ਚੀਨੀ ਮਜ਼ੂਰ ਦਾ ਹੋਕਾ !

ਸੁੰਦਰ ਪਿਰਚਾਂ ਕੱਪਾਂ ਉਤੇ ਫੁੱਲ ਬਨਾਵਨ ਵਾਲਾ,
ਚੀਨੀ ਕਿਰਤੀ ਮੈਂ ਹਾਂ ਯਾਰੋ ਹੋਕਾ ਲਾਵਨ ਵਾਲਾ।
ਹਿਕਮਤ ਅਮਲੀ ਐਸੀ ਕੀਤੀ ਦੌਲਤਮੰਦ ਹਕੀਮਾਂ,
ਖੂਨ ਤੇਰਾ ਸਭ ਚੂਸ ਲਿਆ ਏ ਮੈਨੂੰ ਲਾ ਅਫੀਮਾਂ।

ਆਣ ਵੜੇ ਸਨ ਦੇਸ ਮੇਰੇ ਵਿਚ ਯੂਰਪ ਦੇ ਅੰਨਦਾਤਾ,
ਰੋਗਨ ਤੇ ਸੋਗਨ ਤੇ ਕਲਜੋਗਣ ਲੈਕੇ ਕਾਲੀ ਮਾਤਾ।
ਏਸੇ ਆਹਰੇ ਲਾਕੇ ਮੈਨੂੰ ਕੀਤੀ ਖ਼ੂਬ ਸਫਾਈ,
ਘਰ ਮੇਰੇ ਦੀ ਲੁਟੀ ਸਾਰੀ ਦੌਲਤ ਪਾਈ ਪਾਈ।

ਘਰ ਮੇਰੇ ਨੂੰ ਹੂੰਜਾਂ ਫਿਰਿਆ ਤਾਂ ਹੁਣ ਹੋਸ਼ਾਂ ਆਈਆਂ,
ਜੌਂ ਛੋਲੇ ਨਾਂ ਲੱਭਣ ਸਾਨੂੰ ਦੂਜੇ ਖਾਣ ਮਲਾਈਆਂ।
ਅਣਖ ਮੇਰੀ ਨੇ ਆ ਕੇ ਮੈਨੂੰ ਮਾਰੀ ਅੱਖ ਪਿਆਰੀ,
ਉੱਠ ਬਹੋ, ਹੁਣ ਹੋ ਜਾ ਤਕੜਾ, ਆਲਸ ਲਾਹਦੇ ਸਾਰੀ।

ਜ਼ਾਹਿਰ ਅੱਖ ਅਣਖ ਨੇ ਮਾਰੀ ਗੁੱਝਾ ਤੀਰ ਚਲਾਇਆ,
ਨੇਜ਼ਾ ਲੈ ਕੇ ਸੁਤ ਹੋਏ ਨੂੰ ਚੌਂਭੜ ਨਾਲ ਜਗਾਇਆ।
ਚਾਰ ਚੁਫੇਰੇ ਖੋਲ੍ਹ ਦੁੜਾਈਆਂ ਨਿਕੀਆਂ ਨਿਕੀਆਂ ਅੱਖਾਂ,
ਵਿਚ ਬਦੇਸ਼ਾਂ ਰੁਲਦੇ ਡਿਠੇ ਭਾਈ ਭੈਣਾਂ ਲੱਖਾਂ।

ਕੀੜੇ ਕੱਢੇ ਦੰਦਾਂ ਦੇ ਕੋਈ, ਕੋਈ ਤਮਾਸ਼ੇ ਕਰਦਾ,
ਕਾਗਜ਼ ਵਾਲੇ ਫੁੱਲ ਬਣਾਕੇ ਢਿੱਡ ਕੋਈ ਹੈ ਭਰਦਾ।
ਘਰ ਵਿਚ ਜਿਹੜੇ ਰਹਿ ਗਏ ਛੋਕਰ ਬੈਠੇ ਨਿਮੂੰਝਣੇ,
ਮੋਤੀ ਫੱਕਣ ਵਾਲੇ ਵੇਖੇ ਲੱਭਣ ਭੁੰਨੇ ਦਾਣੇ।

ਾਰ ਵਾਲੇ ਤਾਂ ਏਦਾਂ, ਵੇਖੋ ਜਿਹੜੇ ਬਾਹਰੋਂ ਆਏ,
ਚਾਘੜ ਹਥੇ ਫਿਰਦੇ ਡਿਠੇ ਢਾ ਮਰੋੜ ਪਰਾਏ।
ਉਧ ਉੱਠੀ ਇਕ ਜਿਗਰੋਂ ਐਸੀ ਸੀਨੇ ਲਾਂਬੂ ਬਲਿਆ,
ਪਾ ਕੜਾਹੀ ਗੈਰਤ ਵਾਲੀ ਦਿਲ ਮੇਰੇ ਨੂੰ ਤਲਿਆ।

ਉੱਠ ਖਲੋਤਾ ਬੈਠਾ ਹੋਇਆ ਆਪਣੀ ਹੋਸ਼ ਸੰਭਾਲੀ,
ਉੱਠੀ ਨ ਲ ਤਰੀਮਤ ਮੇਰੀ ਨਿੱਕੇ ਪੈਰਾਂ ਵਾਲੀ।
ਢੱਜ ਵਜਾ ਕੇ ਆਖ ਸੁਣਾਵਾਂ ਸੁਣ ਲਓ ਮੇਰੇ ਕਹਿਣਾ,
ਹੁਣ ਨਾਂ ਪੁਜੇ ਯਾਰੋ, ਗੋੱਲਾ ਬਣਕੇ ਰਹਿਣਾ।

ਬੰਦੋਬਸਤ ਕਰਾਂਗਾ ਹੁਣ ਮੈਂ ਸਾਰਾ ਘਰ ਦਾ ਆਪੇ,
ਮਗਰੋਂ ਲੰਦਣ ਦਰਦੀ ਵਡੇ ਸੂਲਾਂ ਵਾਲੇ ਛਾਪੇ।
ਬੰਦੇ ਉਤੇ ਬੰਦੇ ਦਾ ਕੁਝ ਹੱਕ ਹੁਕਮ ਨਹੀਂ ਕਰਨਾ,
ਠਾਠਾਂ ਮਾਰੇ 'ਸ਼ਰਫ਼' ਅਜ਼ਾਦੀ ਤੋੜ ਗੁਲਾਮੀ ਤਰਨਾ।

* *
*

ਅੰਗਰੇਜ਼ ਮਜ਼ੂਰਨਾਂ ਦਾ ਸੰਦੇਸ਼ !

ਗੂੜ੍ਹੀ ਨੀਂਦਰ ਸੁਤੇ ਭਾਈਓ ! ਉਠੋ ਹੋਸ਼ ਸੰਭਾਲੋ,
ਯੂਰਪ ਵਾਲੇ ਕਿਰਤੀਆਂ ਵਾਂਗੂ ਵਧ ਵਧ ਹਥ ਵਖਾਲੋ ।
ਕੱਠੇ ਹੋ ਕੇ ਸਾਰੇ ਕਿਰਤੀ ਜੁਗਲਾਂ ਜੇਹਾ ਬਣਾਓ,
ਦੁਨੀਆਂ ਦੇ ਵਿਚ ਕਾਇਮ ਕਰਕੇ ਕਿਰਤੀ ਸ਼ਾਨ ਵਖਾਓ ।

ਚੁੱਪ ਚਪਾਤੇ ਮੂੰਹ ਨਾਂ ਵੇਖੋ ਦੌਲਤਮੰਦਾਂ ਵਾਲਾ,
ਉਹ ਨਾਂ ਚਾਹਵਨ ਕਦੀ ਤੁਹਾਡਾ ਲੰਘੇ ਝੱਟ ਸੁਖਾਲਾ ।
ਲਾਹ ਦਿਓ ਹੁਣ ਚੋਲ ਰ ਲ ਦੇ ਝੂਠ ਉਮੈਦਾਂ ਵਾਲੇ,
ਦੂਜੇ ਦੇਸਾਂ ਵਾਲੇ ਪਾਵੋ ਤਨ ਤੇ ਵੇਸ ਨਿਰਾਲੇ ।

ਫ਼ਾਕੇ ਮਸਤ ਦੇ ਵਿਚ ਪਈਆਂ ਆਉਣ ਤੁਹਾਨੂੰ ਝੋਕਾਂ,
ਲਹੂ ਤੁਹਾਡਾ ਚੂੰਘਣ ਪਈਆਂ ਮਾਇਆ ਧਾਰੀ ਜੋਕਾਂ ।
ਕਿਸਮਤ ਵਾਲੀ ਬੂਟੀ ਐਸੀ ਏਹਨਾਂ ਘੋਲ ਪਿਲਾਈ ।
ਠੁੱਡੇ ਮਾਰਨ ਪਏ ਤੁਹਾਨੂੰ ਤਾਂ ਭੀ ਹੋਸ਼ ਨਾ ਆਈ ।

ਵੰਡ ਕਰਨ ਨੂੰ ਕਿਸਮਤ ਆਂਹਦੇ ਸਾਰੇ ਲੋਕ ਸਿਆਣੇ,
ਵੰਡ ਅੱਲਾ ਨੇ ਪੂਰੀ ਵੰਡੀ ਜੇਕਰ ਜੱਗ ਪਛਾਣੇ ।
ਵਾ ਠੰਢੀ ਦੇ ਦੁਨੀਆਂ ਅੰਦਰ ਐਸੇ ਬੂਹੇ ਖੋਲੇ,
ਦੌਲਤਮੰਦ ਗਰੀਬਾਂ ਬਦਲੇ ਇੱਕੋ ਵਰਗੇ ਝੋਲੇ ।

ਇਕ ਘੜੀ ਜੇ ਬੰਦ ਹੋਵੇ ਇਹ ਤੜਪ ਮਰੇ ਜਗ ਸਾਰਾ,
ਸ਼ਾਹ ਹੋਵੇ ਯਾਂ ਕਿਰਤੀ ਹੋਵੇ ਜਾਂ ਕੋਈ ਪਸ਼ੂ ਵਿਚਾਰਾ,।
ਅੰਮ੍ਰਤ ਵਰਗੀ ਨਿਹਮਤ ਉਹਨੇ ਸਭਨੂੰ ਪੂਰੀ ਵੰਡੀ,
ਮਾਸਾ ਰਤੀ ਘਟ ਨਾਂ ਦਿੱਤੀ ਕੁਦਰਤ ਵਾਲੀ ਕੰਡੀ।

ਇਹਦੇ ਵਾਂਗੂ ਪਾਣੀ ਦੇ ਵੀ ਸੋਮੇਂ ਓਸ ਵਗਾਏ,
ਸੂਰਜ ਚੰਦ ਸਤਾਰੇ ਜ਼ਿਮੀਆਂ ਹੋਰ ਅਕਾਸ਼ ਸਜਾਏ।
ਦੁੱਖ ਖੁਸ਼ੀ ਤੇ ਪਾਲਾ ਗਰਮੀ ਮਰਨਾ ਜੀਉਣਾ ਸਾਰੇ,
ਲੈਣ ਸਵਾਦ ਇਨ੍ਹਾਂ ਦਾ ਹਰ ਥਾਂ ਇੱਕੋ ਜੇਹਾ ਸਾਰੇ।

ਤੋੜ ਦਿਉ ਹੁਣ ਪੈਰਾਂ ਵਿੱਚੋਂ ਕਿਸਮਤ ਵਾਲੀ ਬੇੜੀ,
ਚੜ੍ਹ ਬੈਠੋ ਹੁਣ ਸਾਰ ਕਿਰਤੀ ਉੱਦਮ ਵਾਲੀ ਬੇੜੀ।
ਦਿੱਤੇ ਹੋਏ ਹੱਕ ਖੁਦਾ ਦੇ ਲੈ ਲੌ ਅਪਣੇ ਸਾਰੇ,
ਨਾਲ ਚਲਾਕੀ ਦੌਲਤਮੰਦਾਂ ਗਏ ਜੇਹੜੇ ਨੇ ਮਾਰੇ।

ਇਜ਼ਤ ਵਾਲਾ ਜੀਉਂਣਾ ਮਰਨਾ ਜੇ ਦੁਨੀਆਂ ਤੇ ਚਾਹੋ,
ਗਲੋਂ ਪੰਜਾਲੀ ਆਲਸ ਵਾਲੀ ਤਕੜੇ ਹੋ ਕੇ ਲਾਹੋ
ਫੁੱਲ ਕਿਰਤ ਦੇ ਤੁਸੀਂ ਖਿੜਾਵੋ ਵਗ ਵਗ ਰਾਜ ਦੁਲਾਰੇ,
ਮੱਖੀਆਂ ਬਣਕੇ ਮਾਇਆਧਾਰੀ ਚੂਪ ਲੈਣ ਰਸ ਸਾਰੇ।

ਉੱਠੋ ਸਾਰੇ ਉੱਦਮ ਕਰਕੇ ਜੇ ਤੁਸਾਂ ਕੁਝ ਲੈਣਾਂ
'ਸ਼ਰਫ਼' ਜਗਾਵਨ ਆਈਆਂ ਹੁਣ ਤੇ ਰਲਕੇ 'ਕਿਰਤਨ ਭੈਣਾਂ'।

ਸਰਮਯਾਦਾਰਾਂ ਤੇ ਮਜ਼ੂਰਾਂ ਦੇ ਝਾਕੇ
ਪਹਿਲਾ ਸਰਮਾਯਾਦਾਰ

ਪਹਿਲਾ ਬੋਲਿਆ ਯਾਰ ਕੀ ਗੱਲ ਦੱਸਾਂ,
ਸੂਟ ਮਖ਼ਮਲੀ ਨਵਾ ਬਣਵਾਇਆ ਏ।
ਸੱਤਰ ਪੌਂਡ ਦੀ ਘੜੀ ਹੈ ਕੱਲ ਆਈ,
ਮੇਰੇ ਗੁੱਟ ਨੂੰ ਕੱਲ ਇਹਨੇ ਸਜਾਇਆ ਏ।

ਕਣੀਆਂ ਨਾਲ ਸੀ ਬੂਟ ਸਲਾਭ ਗਿਆ,
ਪੰਜ ਪੌਂਡ ਦਾ ਹੋਰ ਇਹ ਆਇਆ ਏ।
ਖਾ ਮਜੂਨ ਜਾਕੇ ਸੁੱਚੇ ਮੋਤੀਆਂ ਦੀ,
ਵੈਦ ਰਾਜ ਨੇ ਅੱਜ ਸਮਝਾਇਆ ਏ।

ਮਾਲਸ਼ ਵਾਸਤੇ ਕਿਹਾ ਬਦਾਮ ਰੋਗਨ,
ਏਸ ਵਾਸਤੇ ਨਵਾਂ ਕਢਵਾਇਆ ਏ।
ਅਰਕ ਸਾਰੇ ਵਲਾਇਤੀ ਮੇਵਿਆਂ ਦਾ,
ਪੀਣ ਲਈ ਉਸ਼ੇਰ ਫ਼ਰਮਾਇਆ ਏ।

ਪੌਡਰ ਸੋਨੇ ਦਾ ਲੋਣਾ ਸੀ ਫਿਮਣੀ ਤੇ,
ਏਸੇ ਵਾਸਤੇ ਕੁੰਦਨ ਮਰਵਾਇਆ ਏ।
ਕੀਮ ਖ਼ਾਬ ਦਾ ਸੂਟ ਇਹ ਈਦ ਬਦਲੇ,
ਬੇਗਮ ਸਾਹਿਬਾਂ ਲਈ ਸਿਲਵਾਇਆ ਏ।

ਹੋਰ ਨਰਸ ਮੰਗਵਾਈ ਏ ਪੈਰਸੋਂ ਮੈਂ,
ਹਿੰਦੀ ਟਹਿਲਣ ਨੇ ਮਗਜ਼ ਖਪਾਇਆ ਏ।
ਕੁੱਤੇ ਲਈ ਚੁਬਾਰਾ ਬਣਵਾ ਕੇ ਤੇ,
ਅੰਦਰ ਬਿਜਲੀ ਦਾ ਪੱਖਾ ਲਵਾਇਆ ਏ।

ਕੱਢੂ ਵੱਲ ਮਨ ਨਿਕਲਦੇ ਸੱਤ ਆਨੇਂ,
ਢੱਗਾ ਓਸ ਦਾ ਕੁਰਕ ਕਰਵਾਇਆ ਏ।
ਓਹਦੇ ਲਈ ਸੀ ਦੁੱਧ ਦਾ ਬੰਧ ਕਰਨੀ,
ਬੂਟੇ 'ਨਛੇ' ਦਾ ਨਵਾਂ ਉਗਾਇਆ ਏ।

ਦੱਸਾਂ ਕੀ ਮੈਂ ਐਤਕੀਂ ਬੰਕ ਅੰਦਰ,
ਪੰਜ ਲੱਖ ਕੁਲ ਜਮਾਂ ਕਰਾਇਆ ਏ।
ਚੌਦਾਂ ਆਨੇ ਦਿਹਾੜੀ ਦਾ ਰੇਟ ਕੀਤਾ,
ਤਾਂ ਭੀ ਕਿਰਤੀਆਂ ਬੜਾ ਸਤਾਇਆ ਏ।

ਧੂੜ ਪੈਰ ਦੀ ਨੂੰ ਬਾਝੋਂ ਮੂਰਖਾਂ ਨੇ,
ਚੁਕ ਚੁਕ ਕੇ ਸਿਰੀਂ ਚੜ੍ਹਾਇਆ ਏ।
ਯੂਰਪ ਵਾਲਿਆਂ ਦੀ ਰੀਸ ਕਰਨ ਲਗੇ,
ਚਿੱਤ ਨਿੱਤ ਹੜਤਾਲ ਤੇ ਲਾਇਆ ਏ।

ਆਡੋਂ ਪਾਰ ਅਜ ਕਰਾਂਗਾ ਸਭ ਜਾ ਕੇ,
ਰੌਲਾ ਰੱਪਾ ਇਹ ਜਿਨ੍ਹਾਂ ਨੇ ਪਾਇਆ ਏ।
ਮੇਰੇ ਕਿਰਤੀਆਂ ਵਿਚ ਸੀ ਮੁਖੀ ਜਿਹੜਾ,
ਕਲ ਓਹਦਾ ਤੇ ਯੱਭ ਮੁਕਾਇਆ ਏ।
ਪੈ ਗਿਆ ਹੈ ਗੁੱਟ ਨੂੰ 'ਸ਼ਰਫ਼' ਗਾਨਾ,
ਮਾਰ ਮਾਰ ਕੇ ਐਸਾ ਸੁਜਾਇਆ ਏ।

ਦੂਜਾ ਸਰਮਾਯਾਦਾਰ

ਵੇਖਣ ਗਿਆ ਸਾਂ ਇਕ ਥਾਂ ਕੱਲ ਟੈਨਸ,
ਜਾ ਕੇ ਓਸ ਥਾਂ ਬੜਾ ਖੁਆਰ ਹੋਇਆ।
ਚਿੱਤ ਕਲੀ ਦੇ ਵਾਂਗ ਕੁਮਲਾ ਗਿਆ ਸੀ,
ਕ੍ਰਿਕਟ ਵੇਖ ਕੇ ਬਾਗ ਬਹਾਰ ਹੋਇਆ।

ਘੋੜ ਦੌੜ ਤੇ ਗਿਆ ਸਾਂ ਚੌਥ ਨਾਲੇ,
ਓਥੇ ਐਤਕੀਂ ਬੜਾ ਤਕਰਾਰ ਹੋਇਆ।
ਪਰਸੋਂ ਆਇਆ ਸਵਾਦ ਨਾ ਰਤਾ ਮੈਨੂੰ,
ਫੁਟਬਾਲ ਤੋਂ ਜੀਉ ਬੇਜ਼ਾਰ ਹੋਇਆ।

ਜਿੱਤ ਗਈ ਏ ਟੀਮ ਇੰਗਲੈਂਡ ਵਾਲੀ,
ਟੋਲੇ ਵੇਖ ਕੇ ਚਿੱਤ ਬਲਿਹਾਰ ਹੋਇਆ।
ਸਾਰੀ ਉਮਰ ਨਾਂ ਕਦੇ ਭੀ ਭੁੱਲਣਾ ਏ,
ਹਾਕੀ ਮੈਚ ਜਿਹੜਾ ਬੁੱਧਵਾਰ ਹੋਇਆ।

ਮੇਰੇ ਰਹਿੰਦੇ ਨੇ ਸਦਾ ਈ ਪੌਂ ਬਾਰਾਂ,
ਜਦ ਦਾ ਨਾਲ ਸ਼ਤਰੰਜ ਪਿਆਰ ਹੋਇਆ।
ਏਸ ਗੱਲ ਨੂੰ ਤੇ ਤੂੰ ਜਾਣਦਾ ਏਂ,
ਚੌਪੜ ਵਿਚ ਮੈਂ ਬੜਾ ਹੁਸ਼ਿਆਰ ਹੋਇਆ।

ਖਾਣਾ ਖਾਣ ਦੇ ਬਾਦ ਮੈਂ ਨਿੱਤ ਖੇਡਾਂ,
ਤਾਸ਼ ਵਲੋਂ ਨਹੀਂ ਕਦੀ ਉਧਾਰ ਹੋਇਆ।
ਵੇਖਣ ਗਿਆ ਸਾਂ ਰਾਤ ਨੂੰ ਅੱਜ ਥੇਟਰ.
ਖੇਲ ਕੰਪਨੀ ਦਾ ਮਜ਼ੇਦਾਰ ਹੋਇਆ।

ਬਾਈਸਕੋਪ ਵਿਚ ਵੇਖਕੇ ਚਾਰਲੀ ਨੂੰ,
ਹਸ ਹੱਸ ਕੇ ਜੀਓ ਨਿਸਾਰ ਹੋਇਆ।
ਸਰਕਸ ਵੇਖ ਲਈ ਕੱਲ ਜ਼ਪਾਨੀਆਂ ਦੀ,
ਆਸ਼ਕ ਜਿਦ੍ਹਾ ਸੀ ਕੁਲ ਸੰਸਾਰ ਹੋਇਆ।

ਗੌਹਰਜਾਨ ਕਲਕੱਤੇ ਦੀ ਆਈ ਹੋਈ ਸੀ,
ਗਾਉਣਾ ਓਸ ਦਾ ਅਪਰ ਅਪਾਰ ਹੋਇਆ।
ਡੋਗ ਸ਼ੋ ਵਿੱਚੋਂ ਆਂਦਾ ਇਹ ਬੁਲੀ,
ਮੁੱਲ ਏਸਦਾ ਤਿੰਨ ਹਜ਼ਾਰ ਹੋਇਆ।

ਵਾ ਖ਼ੋਰੀ ਦੇ ਵਾਸਤੇ ਲਈ ਮੋਟਰ,
ਹੈਸਾਂ ਗਿੱਗ ਕੋਲੋਂ ਅਵਾਜ਼ਾਰ ਹੋਇਆ।
ਮਾਇਆ ਭਵਨ ਉਹ ਤੁਸਾਂ ਨਹੀਂ ਅਜੇ ਡਿੱਠਾ।
ਅੱਜ ਕੱਲ ਜੋ ਨਵਾਂ ਤਿਆਰ ਹੋਇਆ।

ਦੌਲਤ-ਲੁੱਟ ਸੀ ਫ਼ਰਮ ਜੋ ਹੋਰ ਖੋਲ੍ਹੀ,
ਧਨ ਹਿੱਸਿਆਂ ਦਾ ਬੇਸ਼ੁਮਾਰ ਹੋਇਆ।
ਗਵਰਨਮੈਂਟ ਨੂੰ ਦਿੱਤਾ ਸੀ ਕਰਜ਼ ਜੇਹੜਾ,
ਉਹਦੇ ਵਿੱਚੋਂ ਇਹ ਹਾਸਲ ਹੈ ਯਾਰ ਹੋਇਆ।

ਰਾਏ ਸਾਹਿਬ ਦਾ ਮਿਲਿਆ ਖ਼ਿਤਾਬ ਮੈਨੂੰ,
ਸਾਰੀ ਕੌਮ ਦਾ ਹਾਂ ਸਰਦਾਰ ਹੋਇਆ।
ਟੀ ਪਾਰਟੀ ਤੇ 'ਸ਼ਰਫ਼' ਚੱਲਿਆ ਹਾਂ,
ਫੇਰ ਮਿਲਾਂਗਾ ਪੱਕ ਇਕਰਾਰ ਹੋਇਆ।

ਪਹਿਲਾ ਮਜੂਰ

ਪਹਿਲਾ ਬੋਲਿਆ ਯਾਰ ਕੀ ਹਾਲ ਦੱਸਾਂ,
ਸੂਵੇਂ ਮੈਂਹਗ ਨੇ ਬੜਾ ਹੈਰਾਨ ਕੀਤਾ।
ਇੱਧਰ ਅਜ ਕਾਰਖਾਨੇ ਦੇ ਮਾਲਕਾਂ ਨੇ,
ਛਾਂਟੀ ਕਰਨ ਦਾ ਨਵਾਂ ਐਲਾਨ ਕੀਤਾ।

ਦਿੱਤੀ ਤੋੜ ਤਨਖਾਹ ਹੈ ਬਹੁਤਿਆਂ ਦੀ,
ਸਰਵਿਸ ਵੱਲ ਨਾਂ ਜ਼ਰਾ ਧਿਆਨ ਕੀਤਾ।
ਹਫ਼ਤਾ ਇੱਕ ਜੁਰਮਾਨੇ ਦਾ ਹੋਯਾ ਆਕਰ,
ਗਿਆ ਲੇਟ ਨਾਂ ਕੋਈ ਨੁਕਸਾਨ ਹੋਇਆ।

ਮਾਰ ਲਈ ਗਰੈਚੁਏਟੀ ਬੁੱਢਿਆਂ ਦੀ,
ਮੇਰੇ ਨਾਲ ਭੀ ਏਹੋ ਅੇਹਸਾਨ ਕੀਤਾ।
ਮੇਰੇ ਬਾਪ ਦਾ ਬੋਨਸ ਭੀ ਘੁੱਟ ਬੈਠੇ,
ਏਸ ਸੱਟ ਨੇ ਉਹਨੂੰ ਕਮਾਨ ਕੀਤਾ।

ਕੀਤੀ ਬੰਦ ਤਰੱਕੀ ਹੈ ਸਾਰਿਆਂ ਦੀ,
ਓਵਰ ਟਾਈਮ ਨਾਲੇ ਬੇ ਨਿਸ਼ਾਨ ਕੀਤਾ।
ਜ਼ਰਦਾ ਸਮਝ ਕੇ ਖਾ ਗਏ ਕੁਲ ਭੱਤਾ,
ਸਾਨੂੰ ਜਗਤ ਅੰਦਰ ਪ੍ਰੇਸ਼ਾਨ ਕੀਤਾ।

ਕਰਕੇ ਬੰਦ ਮੁਆਵਜ਼ਾ ਫੱਟੜਾਂ ਦਾ,
ਮੁਰਦਾ ਅੰਤ ਦੇ ਵਿੱਚ ਵੈਰਾਨ ਕੀਤਾ।
ਹੈ ਸਨ ਕਾਲ ਅੇਲਾਉਂਸ ਦੇ ਦੋ ਮਿਲਦੇ,
ਅੱਗੋਂ ਲਈ ਉਹ ਬੰਦ ਬਿਆਨ ਕੀਤਾ।

ਡੀਊਟੀ ਕਰ ਦਿੱਤੀ ਨਾਲੇ ਦਸ ਘੰਟੇ,
ਹਰ ਕੋਈ ਤੰਗ ਲੁਹਾਰ ਤਰਖਾਨ ਕੀਤਾ।
ਛੁੱਟੀ ਬਿਨਾਂ ਤਨਖਾਹ ਭੀ ਨਹੀਂ ਦੇਂਦੇ,
ਐਡੇ ਕਹਿਰ ਦਾ ਨਵਾਂ ਸਾਮਾਨ ਕੀਤਾ।

ਹੁੰਦੀ ਖਬਰ ਜੇ ਪਾਸ ਭੀ ਨਹੀਂ ਮਿਲਨੇ,
ਨੌਕਰ ਹੋਣ ਦਾ ਨਿੱਜ ਗੁਮਾਨ ਕੀਤਾ।
ਪੜ੍ਹੇ ਕੋਈ ਨਮਾਜ਼ ਨਾਂ ਕੰਮ ਅੰਦਰ,
ਇਹ ਮੈਨੇਜਰ ਨੇ ਕੱਲ ਫ਼ਰਮਾਨ ਕੀਤਾ।

ਮਾਰ ਲਿਆ ਟ੍ਰਾਮ ਐਲਾਉਂਸ ਨਾਲੇ,
ਬੜੇ ਦਿਨ ਇਹ ਅੰਤਕੀਂ ਦਾਨ ਕੀਤਾ।
ਅਗੋਂ ਵਾਸਤੇ ਰੇਟ ਘਟਾ ਦਿਤੇ,
ਇਹ ਭੀ ਮਰਦਿਆਂ ਅਜਾਂ ਪਰਵਾਨ ਕੀਤਾ।

ਡੈਮਫੂਲ ਦੇ ਗਲੇ ਵਿਚ ਹਾਰ ਪਾ ਪਾ,
ਸਭਨਾਂ ਕਿਰਤੀਆਂ ਦਾ ਆਦਰ ਮਾਨ ਕੀਤਾ।
ਗੱਲ ਗੱਲ ਤੇ ਠੁੱਡ ਹੀ ਠੁੱਡ ਵਜੇ,
ਵੈਰੀ ਢਿੱਡ ਨੇ ਪਸ਼ੂ ਇਨਸਾਨ ਕੀਤਾ।
'ਸ਼ਰਫ਼' ਅੇਸੀ ਗੁਲਾਮੀ ਨੂੰ ਕਰਾਂ ਸਦਕੇ,
ਆਦਮ ਜੂਨ ਨੂੰ ਜਿਨ੍ਹੇ ਕੁਰਬਾਨ ਕੀਤਾ।

ਦੂਜਾ ਮਜ਼ੂਰ

ਮੇਰਾ ਦੁਖੜਾ ਸੁਣੀਂ ਤੂੰ ਹੁਣ ਕੰਨ ਧਰਕੇ,
ਤੂੰ ਤੇ ਆਪਣਾ ਹਾਲ ਸੁਣਾ ਲਿਆ ਏ।
ਏਸ ਕਾਲ ਦੇ ਕਾਲ ਹਮਾਤੜਾਂ ਨੂੰ,
ਫੜਕੇ ਡੋਲਿਆਂ ਵਾਂਗ ਉਧਾਲਿਆ ਏ।

ਇਕੋ ਕੁੱਲਾ ਸੀ ਸੀਸ ਲੁਕਾਣ ਵਾਲਾ,
ਵੇਚ ਵੱਟ ਚਰੋਕਣਾ ਖਾ ਲਿਆ ਏ।
ਖੋਭੇ ਵਿਚ ਹਾਂ ਗੋਡਿਆਂ ਤੀਕ ਧਸਿਆ,
ਬੋਝਾ ਸੀਸ ਤੇ ਬੜਾ ਚੜ੍ਹਾ ਲਿਆ ਏ।

ਲਾਂਘਾ ਨਾਲ ਤਨਖਾਹ ਦੇ ਲੰਘਦਾ ਨਹੀਂ,
ਖਾਣਾ ਪੀਣਾ ਭੀ ਬੜਾ ਘਟਾ ਲਿਆ ਏ।
ਕਰਕੇ ਬੁੱਚੀ ਬਿਠਾਈ ਭਰਜਾਈ ਤੇਰੀ,
ਨੱਕ ਕੰਨ ਸਾਰਾ ਗਹਿਣੇ ਪਾ ਲਿਆ ਏ।

ਹੈਸਨ ਨੱਤੀਆਂ ਕੁੜੀ ਦੇ ਕੰਨ ਪਾਈਆਂ,
ਜਾਕੇ ਅਜ ਮੈਂ ਉਹਨਾਂ ਨੂੰ ਢਾਲਿਆ ਏ।
ਜੀਆ ਜੰਤ ਸੀ ਕੱਲ ਦਾ ਸਭ ਫ਼ਾਕੇ,
ਵੇਚ ਵਾਚ ਕੇ ਟੁੱਕ ਖੁਆ ਲਿਆ ਏ।

ਹੁਣ ਤਾਂ ਰਿਹਾ ਨਹੀਂ ਸਤਰ ਲੁਕਾਣ ਜੋਗਾ,
ਪਿਛਲਾ ਪਿਆ ਸੀ ਕੁਲ ਹੰਢਾ ਲਿਆ ਏ।
ਬਿਜਲੀ ਕਾਲ ਨੇ ਹੈ ਜਦ ਦੀ ਆਣ ਡੇਗੀ,
ਦੀਵਾ ਰਾਤ ਨੂੰ ਕਦੇ ਨਾਂ ਬਾਲਿਆ ਏ।

ਕਈ ਵੇਰ ਤਾਂ ਮੇਰਿਆਂ ਚਾਨਣਾਂ ਨੇ,
ਚੰਨ ਨਾਲ ਈ ਜ਼ੀਉ ਪਰਚਾ ਲਿਆ ਏ।
ਝੁਲਕੇ ਢਿੱਡ ਨੂੰ ਭੁਖ ਦ ਰਹਿਣ ਲੱਗੇ,
ਜੁੱਸਾ ਢਾਂਡਰੀ ਦੇ ਵਾਂਗ ਜਾਲਿਆ ਏ।

ਇਕ ਲੇਫ ਤੇ ਚਾਰ ਹਾਂ ਸੌਣ ਵਾਲੇ,
ਗੋਹੇ ਸੇਕ ਕੇ ਸਿਆਲ ਲੰਘਾ ਲਿਆ ਏ।
ਨਿਕੇ ਬਾਲ ਨੂੰ ਹੋ ਗਿਆ ਸੰਨ ਹੈਸੀ,
ਜਾ ਕੇ ਵੈਦ ਨੂੰ ਜਦੋਂ ਵਿਖਾਲਿਆ ਏ।

ਉਹਨੇ ਦਸਿਆ ਆਂਡੇ ਦਾ ਲੇਪ ਕਰਨਾ,
ਬਿਨਾਂ ਪੈਸਿਉਂ–ਲਾਲ–ਗਵਾ ਲਿਆ ਏ।
ਵੇਹੜੇ ਵਾਲਿਆਂ ਰੱਬ ਦਾ ਭਉ ਕਰਕੇ,
ਮੁਰਦਾ ਓਸਦਾ ਅੰਤ ਸੰਭਾਲਿਆ ਏ।

ਕੋਠੇ ਵਾਲਾ ਸੀ ਸਾਫ ਜਵਾਬ ਦਿੰਦਾ,
ਓਹਨੂੰ ਤਰਲਿਆਂ ਨਾਲ ਪਸਮਾ ਲਿਆ ਏ।
ਪਾਣੀ ਖ਼ਾਂ ਦੇ ਨਲਕਿਉਂ ਲੈਣ ਗਿਆ,
ਘੜਾ ਨੂੰਡ ਦੇ ਨਾਲ ਭਨਵਾ ਲਿਆ ਏ।

ਘੱਲ ਘੱਲ ਗਰੀਬਾਂ ਨੂੰ ਜੱਗ ਉਤੇ,
ਖਬਰੇ ਰੱਬ ਨੇ ਨਫਾ ਕੀ ਭਾਲਿਆ ਏ।
ਦਸਾਂ ਵਾਂਗ ਜੇ 'ਸ਼ਰਫ਼' ਨਹੀਂ ਦੇਣ ਜੋਗਾ,
ਕਾਹਨੂੰ ਨਬਿਆਂ ਦਾ ਟਿੱਕ ਲਾ ਲਿਆ ਏ।

‡‡

ਚਿੱਟਾ ਕੱਪੜਾ ਤੇ ਇੱਜ਼ਤਦਾਰ ਰੋਟੀ

ਬੋਲੀ ਨਾਲ ਤਨੋੜੇ ਦੇ ਨਾਰ ਮੇਰੀ,
ਇਕ ਦਿਨ ਸ਼ਾਮ ਨੂੰ ਨੂੰ ਵੇਖ ਅਚਾਰ ਰੋਟੀ।
'ਚੌਕ ਫੁੱਲ ਤੇ ਸਡ਼ੇ ਸਨ ਏਸ ਘਰ ਦੇ,
ਹੋ ਗਈ ਸਿਰ ਤੇ ਸੁੱਕੀ ਅਸਵਾਰ ਰੋਟੀ।

'ਗੁਲੂਬੰਦ ਹਮੇਲ਼ ਦੀ ਥਾਂ ਬਣ ਗਈ,
ਬਿਨਾਂ ਲਾਜਮੇਂ ਗਲੇ ਦਾ ਹਾਰ ਰੋਟੀ।
'ਟੂੰਬਾਂ ਵੰਨ ਸੁਵੰਨੀਆਂ ਜਗ ਪਾਵੇ,
ਸਾਡੇ ਲਈ ਆ ਗਈ ਅਲੰਕਾਰ ਰੋਟੀ।

ਓਹਨੂੰ ਕਿਹਾ ਮੈਂ 'ਮੂਰਖੇ! ਨਿੰਦੀਏ ਨਾਂ,
ਰੁੱਖੀ, ਕੋਸੜੀ, ਕਦੀ ਭੀ ਨਾਰ ਰੋਟੀ।
ਤੇਰੇ ਜੇਹੀਆਂ ਪਕੌਂਦੀਆਂ ਹੋਣ ਕੱਲੇ,
ਅਜੇ ਮਰਦ ਕਮੌਣ ਸਭਿਆਰ ਰੋਟੀ।

ਨਰ ਨੈਣਾਂ ਦਾ, ਆਤਮਾ ਉਮਰ ਦੀ ਏ,
ਸ਼ਕਤੀ ਸੁਰਤ ਦੀ ਜੱਗ ਵਿਚਕਾਰ ਰੋਟੀ।
ਜਾਨ ਬਲ ਦੀ ਤਾਣ ਹਰ ਗਲ ਦੀ ਏ,
ਕੁਦਰਤ ਹੈ; ਜੋ ਨਹੀਂ ਕਰਤਾਰ ਰੋਟੀ।

ਸ਼ੀਸ਼ਾ ਸਾਫ਼ ਹੈ ਅਕਲ ਦੀ ਆਰਸੀ ਦਾ,
ਦਸੇ ਫ਼ਲਸਫੇ ਕਈ ਹਜ਼ਾਰ ਰੋਟੀ।
ਆਦਮ ਜੂਨ ਫਰੀਕਾ ਦੇ ਬਣੇ ਨਾਂਗੇ,
ਖਾਧੀ ਓਨ੍ਹਾਂ ਨੇ ਜਦੋਂ ਇਕ ਵਾਰ ਰੋਟੀ।

ਇਹਦੇ *ਫੁੱਲਾਂ ਤੋਂ ਦੁਨੀਆਂ ਦੇ ਬਾਗ ਸਦਕੇ,
ਖੁਸ਼ੀ, ਐਸ ਦੀ ਖਿੜੀ ਗੁਲਜ਼ਾਰ ਰੋਟੀ।
ਕਲੀਆਂ ਵਾਂਗ ਹੈ ਬਾਗ਼ ਪਰਵਾਰ ਖਿੜਦਾ,
ਆਵੇ ਪੱਕ ਕੇ ਜਦੋਂ ਬਹਾਰ ਰੋਟੀ।

ਅਜੇ ਨੰਗਾ, ਨਿਥਾਵਾਂ ਤਾਂ ਰਹਿ ਸਕੇ,
ਦੇਂਦੀ ਫਾਕਿਆਂ ਨਾਲ ਪਰ ਮਾਰ ਰੋਟੀ।
ਮਿਲੇ ਢੰਗ ਨ ਜਦੋਂ ਹਨੇਰ ਵਰਤੇ,
ਸੂਰਜ ਚੰਨ ਕੋਲੋਂ ਅਪਰ ਅਪਾਰ ਰੋਟੀ।

ਚੌਂਕੇ ਚੁੱਲੇ ਤੇ ਤਵੇ ਪਰਾਤ ਦੀ ਵੀ,
ਬਾਨੀ ਕਾਰ ਰੋਟੀ, ਹੈ ਮੁਖਤਾਰ ਰੋਟੀ।
ਓਸ ਘਰ ਅੰਦਰ ਭੰਗ ਭੁਜਦੀ ਏ,
ਜਿਥੇ ਕਰੇ ਨਾਂ ਗਰਮ ਬਾਜ਼ਾਰ ਰੋਟੀ।

ਲੱਖਾਂ ਐਬ ਜਹਾਨ ਦੇ ਕੱਜ ਲੈਂਦੀ,
ਇਕੋ ਲਾਜਵੰਤੀ, ਪਰਦੇ ਦਾਰ ਰੋਟੀ।
ਅਗੇ ਅਗੇ ਹਰ ਜੀਵ ਦੇ ਫਿਰੇ ਰਿੜ੍ਹਦੀ,
ਮਗਰੋਂ ਪਕੜਦਾ ਫਿਰੇ ਸੰਸਾਰ ਰੋਟੀ।

---

*ਔਰਤਾਂ ਦੇ ਮੁਹਾਵਰੇ ਵਿਚ ਰੋਟੀ ਉਤੇ ਪੱਕਕੇ ਜਿਹੜੇ ਸੁਰਖ (ਲਾਲ) ਨਿਸ਼ਾਨ ਪੈਂ ਜਾਂਦੇ ਹਨ, ਉਹਨਾਂ ਨੂੰ ਫੁੱਲ ਕਹਿੰਦੇ ਹਨ।

ਦੀਵਾ ਜਾਨ ਦਾ ਰਖਕੇ ਤਲੀ ਉਤੇ,
ਰਾਤੀਂ ਲਭਦੇ ਚੋਰ ਚਕਾਰ ਰੋਟੀ।
ਘੱਕਰ ਵਰਤੀ, ਇਹ ਲੱਖਾਂ ਨੂੰ ਪਾਏ ਚਕਰ,
ਖੜਦੀ ਖਿਚ ਸਮੁੰਦਰੋਂ ਪਾਰ ਰੋਟੀ।

ਰੋਟੀ ਸ਼ੇਰਾਂ ਦੇ ਨੱਕ ਨੂੰ ਨੱਥਦੀ ਏ,
ਪੰਛੀ ਉਡਦੇ ਕਰੇ ਸ਼ਿਕਾਰ ਰੋਟੀ।
ਤਾਜ ਵਾਲੇ ਭੀ ਹੈਨ ਮੁਬਾਜ ਇਹਦੇ,
ਪ੍ਰਗਟ ਹੋਈ ਅਚਰਜ ਸਰਕਾਰ ਰੋਟੀ।

ਸੁਲੇਮਾਨ ਜਿਹੇ ਝੋਕਦੇ ਭੱਠ ਜਾ ਕੇ,
ਜਦੋਂ ਕਰਦੀ ਏ ਬਹੁਤ ਲਾਚਾਰ ਰੋਟੀ।
ਇਹਦੇ ਵਲਾਂ ਵਿਚ ਵਲੀ ਬੀ ਵਲੇ ਹੋਏ ਨੇ,
ਕੀਤੀ ਕਾਠ ਦੀ *ਕਈਆਂ ਤਿਆਰ ਰੋਟੀ।

ਛਡ ਮੂਸਾ ਦੀ ਕੌਮ ਨੇ 'ਮੱਨਸਲਵਾ'
ਮੰਗੀ ਰੱਬ ਕੋਲੋਂ ਬਾਰ ਬਾਰ ਰੋਟੀ।
ਕਾਹਨੂੰ ਕਿਸੇ ਦੀ ਚੋਪੜੀ ਵੇਖ ਤਰਸੋ,
ਸੁਕੀ ਜਾਣ ਅਪਣੀ ਅੰਮ੍ਰਿਤਧਾਰ ਰੋਟੀ।

---

*ਬਾਬਾ ਫਰੀਦ ਜੀ ਗੰਜ ਸ਼ਕਰ ਫਰੀਦ।

†ਇਕ ਕਿਸਮ ਦਾ ਖਾਣਾ ਸੀ, ਜਿਹੜਾ ਕੁਦਰਤੀ ਹਜ਼ਰਤ ਮੂਸਾ ਦੀ ਕੌਮ ਤੇ ਅਰਸ਼ੋ ਉਤਰਿਆ ਕਰਦਾ ਸੀ, ਪਰ ਉਹਨਾਂ ਨੇ ਦੁਨਿਆਵੀ ਰੋਟੀ ਮੰਗੀ।

ਕਰਕੇ ਹੱਕ ਹਲਾਲ ਦੀ ਖਾਏ ਜਿਹੜਾ,
ਖੋਹਲੇ ਓਸ ਤੇ ਰੱਬੀ ਇਸਰਾਰ ਰੋਟੀ।
ਅੰਨ, ਧੰਨ ਦੀ ਓਸ ਘਰ ਵਰ੍ਹੇ ਗੰਗਾ,
ਜਿਹੜਾ ਰੱਖਦਾ ਸਾਂਭ ਸਵਾਰ ਰੋਟੀ।

ਰੱਬ ਝੱਬ ਨਿਆਦਰੀ ਕਰੇ ਓਹਦੀ,
ਗੰਦੀ ਥਾਂ ਜੋ ਸੁਟੇ ਗਵਾਰ ਰੋਟੀ।
ਖਾਣੇ ਲਖ ਪ੍ਰਕਾਰ ਦੇ ਹੈਨ ਭਾਵੇਂ,
ਪਰ ਹੈ ਸਭ ਦੀ ਬਣੀ ਸਰਦਾਰ ਰੋਟੀ।

ਜੀਹਦੇ ਖਾਧਿਆਂ ਉਘੜਦੀ ਅੱਖ ਹੈ ਨੀ,
ਹਾਏ ! ਉਹ ਗਹਿਣਿਆਂ ਉਤੇ ਨਾ ਵਾਰ ਰੋਟੀ।
ਗਹਿਣਾ ਨਾਰ ਦਾ ਸਿਊਣ, ਪਰੋਣ ਹੁੰਦਾ,
ਹੁੰਦਾ ਸਦਾ ਸੁਹਾਗ *ਸ਼ਿੰਗਾਰ ਰੋਟੀ।

ਜਿਹਨੂੰ ਸਿਊਣ, ਪਕੌਣ ਦਾ ਚੱਜ ਨਹੀਂ ਏ'
ਓਹ ਤੇ ਕੰਤ ਦੀ ਕਰੇ ਬੇਕਾਰ ਰੋਟੀ।
ਲੈ ਕੇ ਮੰਗਤੇ ਤੋਂ ਬਾਦਸ਼ਾਹ ਤੀਕਰ,
ਕੀਤੇ ਹੋਏ ਨੇ ਕੁੱਲ ਖ਼ਵਾਰ ਰੋਟੀ।

ਸੁਝੇ ਗੱਲ ਨਾਂ ਕਿਸੇ ਦੀ ਕਦੇ ਕੋਈ,
ਜੇ ਨਾਂ ਢਿੱਡ ਨੂੰ ਹੋਵੇ ਦਰਕਾਰ ਰੋਟੀ।
ਪਾਪੜ ਵੇਲੀਏ ਲੱਖ ਤੇ ਤਦ ਕਿਧਰੇ,
ਰੰਕੜ ਕਾਰ ਤੇ ਮਿਲ ਹੁਦਾਰ ਰੋਟੀ।

---

*ਰੋਟੀ ਪਕੌਣ ਤੋਂ ਮੁਰਾਦ ਹੈ।

ਓਹ ਦਿਨ ਲੱਦ ਗਏ, ਇੱਕ ਦੀ ਕਿਰਤ ਉੱਤੇ,
ਜਦੋਂ ਖਾਂਦਾ ਸੀ ਕੁੱਲ ਪਰਵਾਰ ਰੋਟੀ।
ਧੰਦੇ ਪੇਟ ਦੇ ਪਿੱਟੀਏ ਸਭ ਹੁਣ ਤੇ,
ਤਾਂ ਇਹ ਢਿੱਡ ਦਾ ਭਰੇ ਕੰੜਾਰ ਰੋਟੀ।

ਤੈਨੂੰ ਗਹਿਣਿਆਂ ਦੇ ਸ਼ੌਂਕ ਸੁੱਝਦੇ ਨੇ,
ਦਿੱਤੀ ਵਾਂਜੀਏ ਮਨੋਂ ਵਿਸਾਰ ਰੋਟੀ।
ਮੈਂ ਤੇ ਰੱਬ ਕੋਲੋਂ 'ਸ਼ਰਫ਼' ਮੰਗਦਾ ਹਾਂ,
ਚਿੱਟਾ ਕੱਪੜਾ ਤੇ ਇੱਜ਼ਤਦਾਰ ਰੋਟੀ।'

*
*

ਸਤਵੀਂ ਲੜੀ

ਪ੍ਰੇਮ ਦੇ ਤੀਰ

ਜਲ ਭਰੀਆਂ ਅੱਖੀਆਂ ਰੋਂਦੀਆਂ ਨੇ !

ਮੈਥੋਂ ਪੁਛੋਂ ਸਹੇਲੀਓ ਹਾਲ ਕੁਝ ਨਾਂ,
ਜੋ ਜੋ ਇਸ਼ਕ ਮੁਸੀਬਤਾਂ ਪਾਈਆਂ ਨੇ।
ਫਿਰਾਂ ਦਰ-ਬ-ਦਰ ਜੋਗਨਾਂ ਵਾਂਗ ਤੱਤੀ,
ਸ਼ਰਮਾਂ ਇਸ਼ਕ ਨੇ ਸਭ ਗਵਾਈਆਂ ਨੇ।

ਕਦੀ ਸ਼ੌਂਕ ਦੇ ਨਾਲ ਮੈਂ ਗੁੰਦਦੀ ਸਾਂ,
ਜ਼ੁਲਫ਼ਾਂ ਖੁੱਲ੍ਹ ਜੋ ਹਿੱਕ ਤੇ ਆਈਆਂ ਨੇ।
ਹਾਇ ! ਮੈਂ ਸਾਰੇ ਜਹਾਨ ਵਿੱਚ ਨਸ਼ਰ ਹੋਈ,
ਮੇਹਣੇ ਦੇਂਦੀਆਂ ਕੁੱਲ ਹਮਸਾਈਆਂ ਨੇ।

ਸੁਫ਼ਨੇ ਵਿੱਚ ਭੀ ਕਦੀ ਨਹੀਂ ਦਰਸ ਦਿੱਤਾ,
ਓਸ ਮਾਹੀ ਦੀਆਂ ਬੇਪ੍ਰਵਾਹੀਆਂ ਨੇ।
ਜਲ ਭਰੀਆਂ ਅੱਖੀਆਂ ਰੋਂਦੀਆਂ ਇਹ,
ਤੱਤੀ ਨਾਲ ਬੇਕਦਰਾਂ ਦੇ ਲਾਈਆਂ ਨੇ।

ਬੱਤਰ ਹੋਈ ਇਹ ਜ਼ਿੰਦਗੀ ਮੌਤ ਕੋਲੋਂ,
ਨੀ! ਇੱਕ ਸ਼ੋਖ ਤੇ ਹੋਈਆਂ ਫ਼ਿਦਾ ਅੱਖੀਆਂ।
ਪੈ ਗਏ ਕੁੱਕਰੇ ਤੇ ਪਲਕਾਂ ਗਲ ਗਈਆਂ,
ਰੋ ਰੋ ਕੇ ਲਈਆਂ ਸੁਜਾ ਅਖੀਆਂ।

ਮੇਰੇ ਨਾਲ ਸੀ ਏਹਨਾਂ ਨੇ ਦਗ਼ਾ ਕੀਤਾ,
ਕੀਤਾ ਆਪਣਾ ਭੀ ਲਿਆ ਪਾ ਅੱਖੀਆਂ।
ਸੁਣ ਇਹ ਦਰਸ ਦੀਦਾਰ ਦੀ ਚਾਹ ਰੱਖਣ,
ਮਾਹੀ ਵੇਖ ਕੇ ਲਵੇ ਚੁਰਾ ਅੱਖੀਆਂ।

ਜੇ ਮੈਂ ਬੰਦ ਕਰਾਂ ਏਹਨਾਂ ਅੱਖੀਆਂ ਨੂੰ,
ਸਗੋਂ ਹੁੰਦੀਆਂ ਦੂਣ ਸਵਾਈਆਂ ਨੇ।
ਜਲ ਭਰੀਆਂ ਅੱਖੀਆਂ ਰੋਂਦੀਆਂ ਨੇ,
ਤੱਤੀ ਨਾਲ ਬੇਕਦਰਾਂ ਦੇ ਲਾਈਆਂ ਨੇ।

ਇਕ ਦਿਨ ਕਿਹਾ ਨਜੂਮੀ ਨੂੰ ਵੇ ਵੀਰਾ!
ਖੋਹਲ ਪੱਤਰੀ ਵੇਖ ਨਸੀਬ ਮੇਰੇ।
ਮਰਜ ਇਸ਼ਕ ਦੀ ਕੀਤੇ ਨ ਹੱਡ ਥੋਥੇ,
ਕਦੋਂ ਮਿਲਣਗੇ ਦੱਸੀਂ ਤਬੀਬ ਮੇਰੇ?

ਕਦੋਂ ਵਿੱਚ ਸੁਹਾਗਣਾਂ ਮੈਂ ਹੋਸਾਂ?
ਕਦੋਂ ਆਉਣਗੇ ਪਿਆਰੇ ਹਬੀਬ ਮੇਰੇ?
ਕਿਸੇ ਪਾਸਿਓਂ—ਆਵੇ ਨਾਂ ਵ੍ਹਾ ਠੰਢੀ,
ਐਸੇ ਸੜੇ ਨੇ ਲੇਖ ਗ਼ਰੀਬ ਮੇਰੇ।

ਮੈਨੂੰ ਕਿਹਾ ਨਜੂਮੀਏ ਫ਼ਾਲ ਪਾਕੇ,
ਬਾਤਾਂ ਵਿੱਚ ਹਿਸਾਬ ਇਹ ਆਈਆਂ ਨੇ।
ਜਲ ਭਰੀਆਂ ਅੱਖੀਆਂ ਰੋਂਦੀਆਂ ਇਹ;
ਤੱਤੀ ਨਾਲ ਬੇਕਦਰਾਂ ਦੇ ਲਾਈਆਂ ਨੇ।

ਸੁੱਧ ਬੁੱਧ ਜਹਾਨ ਦੀ ਰਹੀ ਨਾਹੀਂ,
ਐਸੀ ਇੱਸ਼ਕ ਵਿੱਚ ਹੋਈ ਦਿਵਾਨੀਆਂ ਮੈਂ।
ਏਸੇ ਤਰਾਂ ਕਲੇਜੇ ਨੂੰ ਠੰਢ ਪੈਂਦੀ,
ਰਵ੍ਹਾਂ ਆਖਦੀ:–'ਜਾਨੀਆਂ ਜਾਨੀਆਂ ਮੈਂ।'

ਤੱਤੀ ਆਹ ਦੇ ਵਿੱਚ ਭੀ ਅਸਰ ਨਾਹੀਂ,
ਨਿੱਤ ਕੂੰਜ ਦੇ ਵਾਂਗ ਕੁਰਲਾਨੀਆਂ ਮੈਂ।
ਕਦੀ ਕਾਗ ਉਡਾਨੀ ਹਾਂ ਖੜੀ ਸਈਓ,
ਕਦੀ ਬੈਠਕੇ ਔਸੀਆਂ ਪਾਨੀਆਂ ਮੈਂ।

ਮੇਰਾ ਚੰਦ ਦਿਲਦਾਰ ਨਹੀਂ ਕਦੀ ਆਯਾ,
ਤਾਰੇ ਗਿਣ ਗਿਣ ਰਾਤਾਂ ਲੰਘਾਈਆਂ ਨੇ।
ਜਲ ਭਰੀਆਂ ਅੱਖੀਆਂ ਰੋਂਦੀਆਂ ਇਹ,
ਤੱਤੀ ਨਾਲ ਬੇਕਦਰਾਂ ਦੇ ਲਾਈਆਂ ਨੇ।

ਹੀਰ ਵਾਂਗ ਮੈਂ ਹੋਈ ਬਦਨਾਮ ਸਾਰੇ,
ਮੇਰੀ ਗੱਲ ਜਹਾਨ ਵਿੱਚ ਤੁਰੀ ਸਈਓ।
ਯਾਦ ਮਾਹੀ ਦੀ ਚੈਨ ਨਾਂ ਲੈਣ ਦੇਵੇ,
ਮੇਰੇ ਲੱਗੇ ਕਲੇਜੇ ਵਿੱਚ ਛੁਰੀ ਸਈਓ।

ਡਰਦੀ ਹਾਲ ਨਾ ਕਿਸੇ ਨੂੰ ਦੱਸਨੀ ਹਾਂ,
ਵਿਚੋ ਵਿਚ ਮੈਂ ਤੱਤੀ ਹਾਂ ਖੁਰੀ ਸਈਓ।
ਅੱਲਾ ਕਰੇ ਨਾਂ ਕਿਸੇ ਨੂੰ ਲਗ ਜਾਵੇ,
ਚਿੰਤਾ ਨਿਤ ਦੀ ਹੁੰਦੀ ਏ ਬੁਰੀ ਸਈਓ।

ਮੇਰਾ ਪਿਆਰੇ ਨੇ ਅਜੇ ਨਹੀਂ ਕਦਰ ਪਾਯਾ,
ਪਾਈਆਂ ਰੋ ਕੇ ਤਦੇ ਦੁਹਾਈਆਂ ਨੇ।
ਜਲ ਭਰੀਆਂ ਅੱਖੀਆਂ ਰੋਂਦੀਆਂ ਇਹ,
ਤਤੀ ਹਵਾ ਬੇਕਦਰਾਂ ਦੇ ਲਾਈਆਂ ਨ।

ਮੇਰੀ ਆਖ਼ਰੀ ਗਲ ਇਕ ਸੁਣੋ ਸਈਓ,
ਅਲਾ ਵਾਸਤੇ ਮੰਨ ਸਵਾਲ ਜਾਣਾ।
ਆਵੇ ਸੁਆਮੀ ਤਾਂ ਓਸਨੂੰ ਆਖਣਾ ਇਹ,
ਕਿਤੇ ਭੁੱਲ ਨਾਂ ਤੁਸੀਂ ਖ਼ਿਆਲ ਜਾਂਣਾ।

ਤੇਰੇ ਬ੍ਰਿਹੋਂ ਨੇ ਬਾਲੀਏ ਇਹ ਬਾਲੀ,
ਏਹਦੀ ਕਬਰ ਤੇ ਦੀਵਾ ਤੇ ਬਾਲ ਜਾਣਾ।
ਤੇਰੇ ਮੁੱਖ ਗੁਲਾਬੀ ਦੀ ਸੀ ਆਸ਼ਕ,
ਦੋ ਤਿੰਨ ਫੁੱਲ ਗੁਲਾਬ ਦੇ ਡਾਲ ਜਾਣਾ।

ਮੇਰੀ ਕਬਰ ਨੇ 'ਸ਼ਰਫ਼' ਭੀ ਆਖਣਾ ਏ,
ਫੇਰਾ ਪਾਇਆ ਜੇ ਕਦੀ ਨਾਂ ਸਾਈਆਂ ਨੇ।
ਜਲ ਭਰੀਆਂ ਅੱਖੀਆਂ ਰੋਂਦੀਆਂ ਇਹ,
ਤੱਤੀ ਨਾਲ ਬੇਕਦਰਾਂ ਦੇ ਲਾਈਆ ਨੇ।

‡‡

ਡਾਢਾ ਮਜ਼ਾ ਆ ਜਾਂਦਾ ਕੱਸਮੇ ਪਿਆਰ ਦਾ !

ਹਾਏ ਰੱਬਾ ਮੇਰਿਆ ਤੂੰ ਸ਼ੀਸ਼ਾ ਈ ਬਣਾ ਦੇਂਦੋਂ,
ਮੈਨੂੰ ਮੇਰੇ ਯਾਰ ਦਾ ਮੈਂ ਹੁੰਦਾ ਕਿਸੇ ਕਾਰ ਦਾ।
ਓਥੇ ਈ ਖਲੋਤਾ ਰਹਿੰਦਾ ਕੰਧ ਨਾਲ ਲਗਕੇ ਮੈਂ,
ਜਿਥੇ ਮੈਨੂੰ ਆਪ ਜਾਨੀ ਫੜ ਕੇ ਖਲ੍ਹਾਰ ਦਾ।
ਸੁੱਤਾ ਹੋਯਾ ਉਠਕੇ ਸਵੇਰੇ ਮੇਰੇ ਸਾਹਮਣੇ ਆ,
ਵਲਾਂ ਵਾਲੇ ਓਹ ਵਾਲ ਜਾਂ ਸਵਾਰਦਾ।
ਮਫ਼ਕੜੇ ਈ ਬੈਠਾ ਹੋਯਾ 'ਹਲਬ' ਵਿਚੋਂ ਵੇਖਦਾ ਮੈਂ,
ਚੀਨ ਅੰਦਰ ਜੰਗ ਹੁੰਦਾ ਖੁਤਨ ਤੇ ਤਾਤਾਰ ਦਾ।

ਚੜ੍ਹਦਾ ਉਮਾਹ ਮੈਨੂੰ ਹਰਖ ਸਾਰਾ ਲਹਿ ਜਾਂਦਾ,
ਹੁੰਦਾ ਜਦੋਂ ਚਾਹ ਉਹਨੂੰ ਹਾਰ ਤੇ ਸ਼ਿੰਗਾਰ ਦਾ।
ਜੋਬਨਾਂ ਦੇ ਮਤਵਾਲੇ ਨਸ਼ੇ ਵਿਚ ਗੁਤਿਆਂ ਨੂੰ,
ਵਲ ਪੇਚ ਦੱਸਦਾ ਮੈਂ ਕੱਲੀ ਕੱਲੀ ਤਾਰ ਦਾ।
ਸਾਣ ਉਤੇ ਲਗਦੀ ਕਟਾਰ ਦੀ ਮੈਂ ਧਾਰ ਵੇਂਹਦਾ,
ਜਦੋਂ ਡੋਰਾ ਖਿਚਦਾ ਓਹ ਕੱਜਲੇ ਦੀ ਧਾਰ ਦਾ।
ਚਿੱਟੇ ਚਿੱਟੇ ਦੰਦਾਂ ਵਿਚ ਊਦੀ ਊਦੀ ਮਿਸੀ ਪਾ,
ਨੀਲਮਾਂ ਦੀ ਖਾਨ ਸਾਰੀ ਮੋਤੀਆਂ ਤੋਂ ਵਾਰਦਾ।

ਮਲਦਾ ਦੰਦਾਸੜਾਜਾਂ ਲਾਲ ਲਾਲ ਬੁਲ੍ਹੀਆਂ ਤੇ,
ਖੂਨ ਉਤੇ ਖੂਨ ਸੋਹਣਾ ਹੋਰ ਭੀ ਗੁਜ਼ਾਰਦਾ।

ਖਾਲ ਜਦੋਂ ਕੱਢਕੇ ਓਹ ਗੋਰੇ ਗੋਰੇ ਮੁੱਖੜੇ ਤੇ,
ਪੰਛੀ ਦਿਲ ਫਾਹੁਣ ਲਈ ਚੋਗ ਚਾ ਖਿਲਾਰਦਾ।
ਲਾਉਂਦਾ ਫੁੱਲ ਸੋਸਨੀ ਬਲੌਰ ਦੀ ਜ਼ਮੀਨ ਵਿਚ,
ਵਾਧਾ ਏਹ ਵਿਖਾਲ ਦੇਂਦਾ ਹੁਸਨ ਦੀ ਬਹਾਰ ਦਾ।
ਕੋਲ ਓਹਦੇ ਬੈਠ ਜਾਂਦਾ, ਗੋਡੇ ਨਾਲ ਲਗਕੇ ਮੈਂ,
ਲਾਡ ਤੇ ਨਹੋਰੇ ਮੇਰੇ ਯਾਰ ਵੀ ਸਹਾਰਦਾ।

ਜਾਗਦੇ ਨਸੀਬ ਮੇਰੇ, ਰੱਜਕੇ ਮੈਂ ਸੌ ਲੈਂਦਾ,
ਪੱਟ ਦਾ ਸਰ੍ਹਾਣਾ ਹੁੰਦਾ ਪੱਟ ਦਿਲਦਾਰ ਦਾ।
ਆਰਸੀ ਦੇ ਵਿਚ ਹੁੰਦਾ, ਫੇਰ ਤੋ ਏਹ ਭਾਗ ਮੇਰਾ,
ਚੌਧਵੀਂ ਦੇ ਚੰਨ ਵਾਂਗ ਪਿਆ ਲਿਸ਼ਕ ਮਾਰਦਾ।
ਸਾਰੀ ਉਮਰ ਛੱਡਦਾ ਨਾਂ ਮਹਿਂਦੀ ਵਾਲਾ ਹੱਥ ਕਦੀ,
ਸੜੀ ਹੋਈ ਹਿਕ ਨੂੰ ਨੂੰ ਮੈਂ ਰੰਜ ਰੱਜ ਠਾਰਦਾ।
ਲੈਬੂ ਲਗੇ ਹੋਏ ਮੇਰੇ ਸੀਨੇ ਦੇ ਵੀ ਦਿਸ ਪੈਂਦੇ,
ਲਾਲ ਸੂਹੇ ਹਥ ਜਦੋਂ ਸਾਹਮਣੇ ਪਸਾਰਦਾ।

ਦੋਹੀਂ ਧਿਰੀਂ ਇਕੋ ਜਿਹੀ ਲਗੀ ਹੋਈ ਅੱਗ ਹੁੰਦੀ,
ਡਾਢਾ ਮਜ਼ਾ ਆ ਜਾਂਦਾ ਕੱਸਮੇ ਪਿਆਰ ਦਾ।
ਵੇਖ ਵੇਖ ਜਿਊਂਦਾ ਓਹ ਰੋਜ਼ ਮੇਰਾ ਯਾਰ ਮਨੂੰ,
ਮੋਯਾ ਹੁੰਦਾ ਮੈਂ ਭੀ ਨਿਤ ਓਸਦੇ ਦੀਦਾਰ ਦਾ।
ਕਰਦਾ ਹੰਕਾਰ ਮੈਨੂੰ ਫੇਰ ਬੀ ਜੇ ਦੇਖਕੇ ਓਹ,
ਰਾਹ ਓਹਨੂੰ ਦਸ ਦੇਂਦਾ ਮਿਸਰ ਦੇ ਬਾਜ਼ਾਰ ਦਾ।
ਇਕ ਅੱਟੀ ਸੂਤ ਦੀ ਜਾਂ ਮੁੱਲ ਪੈਂਦਾ 'ਸ਼ਰਫ਼' ਓਹਦਾ,
ਟੁਟਦਾ ਗੁਮਾਨ ਕੱਚੇ ਤੰਦ ਵਾਂਗ ਯਾਰ ਦਾ।

*
* *

ਵੇਖਕੇ ਗਲੇਡੂ ਓਹਦੇ ਉਤੋਂ ਤੇ ਮੈਂ ਹੱਸ ਪਿਆ !

ਬਿਰੂੰ ਆ ਕੇ ਝੱਟ ਪੱਟ ਸਟ ਜੇਹੀ ਕਾਰੀ ਮਾਰੀ,
ਡੱਕ ਡੱਕ ਥਕਿਆ ਨਾਂ ਸਕਿਆ ਸੰਭਾਲ ਹੰਜੂ।
ਚਿੱਤ ਦਾ ਕਬੂਤਰ ਮੇਰਾ ਚਿਤ ਹੋਯਾ ਹਿਤ ਵਿਚ,
ਰੱਤ ਨਾਲ ਰੰਗੇ ਹੋਏ ਨਿਕਲਦੇ ਨੇ ਲਾਲ ਹੰਜੂ।

ਨਹੀਂ ਨਹੀਂ ਪਾਨ ਖਾਧੇ ਤਿੱਕੇ ਮੇਰੇ ਕਾਲਜੇ ਦੇ,
ਸੂਹੇ ਸੂਹੇ ਪੁਤਲੀਆਂ ਨੇ ਸੁੱਟੇ ਨੇ ਉਗਾਲ ਹੰਜੂ।
ਅੱਖੀਆਂ ਰਲਾਕੇ ਓਹਨੇ ਭਵਾਂ ਫੇਰ ਫੇਰੀਆਂ ਨੇ,
ਪੁੱਠੀ ਛੁਰੀ ਨਾਲ ਹੋਏ ਹੋਏ ਨੇ ਹਲਾਲ ਹੰਜੂ।

ਵਾਧਾ ਹੋਰ ਵੇਖਿਆ ਜੇ ਕਾਲੀ ਕਾਲੀ ਅੱਖ ਦਾ ਏ,
ਕੋਲਿਆਂ ਦੀ ਖਾਨ ਵਿਚੋਂ ਕੱਢ ਦਿਤੇ ਲਾਲ ਹੰਜੂ।
ਮੱਛੀਆਂ ਦੇ ਵਾਂਗ ਪਈਆਂ ਡਾਬੂ ਲੈਣ ਅੱਖੀਆਂ ਏ,
ਕਢ ਕਢ ਸੁਕੀਆਂ ਸੁਕਾਉਣ ਲਗੇ ਤਾਲ ਹੰਜੂ।

ਡੂੰਘੇ ਵਹਿਣ ਵਿਚ ਮੇਰੀ 'ਆਹ ਸੋਹਣੀ' ਡੁੱਬ ਗਈ,
ਪਿਛੇ ਓਹਦੇ ਰੁੜ੍ਹੇ ਜਾਂਦੇ ਬਣ ਮਹੀਂਵਾਲ ਹੰਜੂ।
ਅਰਸ਼ ਵਾਲਾ ਕਿਂਗਰਾ ਹੈ ਤੋੜ ਦਿਤਾ ਦਿਲ ਓਹਨੇ,
ਅੱਖਾਂ ਵਿਚ ਰੜਕਦੇ ਨੇ ਰੋੜਿਆਂ ਦੇ ਹਾਲ ਹੰਜੂ।

ਪਥਰਾਂ ਦੇ 'ਮਨ' ਮੇਰੀ ਕੂਕ ਨਾਲ ਮੋਮ ਹੋਏ,
ਮਾਰ ਮਾਰ ਹੋਕੇ ਦਿਤੇ ਬਰਫ ਵਾਂਗੂ ਢਾਲ ਹੰਜੂ।

ਇਕ ਇਕ ਅੱਖ ਹੱਥ ਨੂਰੀ ਰੰਗਿਆੜੇ ਲੱਖਾਂ,
ਭਰ ਭਰ ਮੋਤੀਆਂ ਦੇ ਵੰਡਦੇ ਨੇ ਥਾਲ ਹੰਝੂ।
ਲਗਣ ਜਿਵੇਂ ਛੰਬਣੀ ਨੂੰ ਫੁਟੀਆਂ ਕਪਾਹ ਦੀਆਂ,
ਚੰਬੜੇ ਨੇ ਇਵੇਂ ਮੇਰੀ ਜਿੰਦੜੀ ਦੇ ਨਾਲ ਹੰਝੂ।

ਬੱਧੀ ਹੋਈ ਟੀਂਡ ਏਹਨਾਂ ਖੂਹ ਦੀਆਂ ਟਿੰਡਾਂ ਵਾਂਗ,
ਸੌੜ ਔੜ ਵਿਚ ਮੈਨੂੰ ਕਰਨਗੇ ਨਿਹਾਲ ਹੰਝੂ।
ਸੋਕੇ ਨਾਲ ਸੁਕਦੇ ਨਹੀਂ, ਬਦਲਾਂ ਤੇ ਮੁਕਦੇ ਨਹੀਂ,
ਇਕੋ ਜਿਹੇ ਵਗਦੇ ਨੇ ਹਾੜ ਤੇ ਸਿਆਲ ਹੰਝੂ।

ਕਾਇਮ ਰੱਖੇ ਦਾਇਮ ਅੱਲਾ ਸਿੱਪ ਮੇਰੇ ਦੀਦਿਆਂ ਦੇ,
ਮੋਤੀਆਂ ਦਾ ਮੀਂਹ ਉਤੇ ਕਰਨਗੇ ਸੁਕਾਲ ਹੰਝੂ।
ਗ਼ਮਾਂ ਦੀ ਹਨੇਰੀ ਨਾਲ ਬੇਰਾਂ ਵਾਂਗ ਝੜ ਪੈਂਦੇ,
ਉਂਜ ਤੇ ਮੈਂ ਝੜਵਾਂ ਵਿਚ ਰੱਖੇ ਹੋਏ ਨੇ ਪਾਲ ਹੰਝੂ।

ਗਿੱਲਾ ਪੀਹਣ ਔਕੁੜਾਂ ਦਾ ਨਾਲ ਮੇਰੇ ਬੈਠਕੇ ਤੇ,
ਦਾਣਾ ਦਾਣਾ ਪੀਹਣ ਲੱਗੇ ਦੁੱਖ ਦੇ ਭਿਆਲ ਹੰਝੂ।
ਬਾਗ਼ ਮੇਰੀ ਹਿੱਕ ਦਿਆਂ ਦਾਗ਼ਾਂ ਵਾਲਾ ਸੁੱਕ ਗਿਆ,
ਕੱਢਕੇ ਲਿਆਏ ਡਣੇ ਸੋਮਿਆਂ ਦੇ ਖਾਲ ਹੰਝੂ।

ਉੱਥੇ ਸਾਹ ਰੋਂਦੇ ਰੋਂਦੇ ਵਾਂਗਣਾਂ ਤੇ ਜ਼ੋਰ ਪਾਯਾ,
ਰੋਣ ਦੀ ਵੀ ਤੇਹ ਰਹਿ ਗਈ, ਤੋੜਗੇ ਨਿਕਾਲ ਹੰਝੂ।
ਦੇਖੋ ਕੇਡਾ ਜ਼ੋਰ ਪਾਲਾ ਲੂਣ ਦੀਆਂ ਮਿੱਸਰਾਂ ਨੇ,
ਦੇਣਗੇ ਪਤਾਸੇ ਵਾਂਗ ਜੀਦਿਆਂ ਨੂੰ ਗਾਲ ਹੰਝੂ।

ਮੋਤੀ ਟੋਭੇ ਲਭਦੇ ਸਮੁੰਦਰਾਂ ਦੇ ਖੌਤੇ ਵਿਚੋਂ,
ਅਰਸ਼ਾਂ ਉੱਤੋਂ ਆਂਦੇ ਹੋਏ ਪਰ ਮੈਂ ਏਹ ਭਾਲ ਹੰਝੂ।
ਓਸ ਪਰੀ ਉੱਤੇ ਪਟ ਰਤਾ ਵੀ ਨਾਂ ਪੋਹਿਆ ਕੋਈ,
ਹੁੰਝ ਦੇ ਵਲੀਂਢੇ ਰਹੇ ਪਕੜਦੇ ਕਦੀ ਸਾਲ ਹੰਝੂ।

ਬਿੱਟ ਬਿੱਟ ਵੇਂਹਦੀਆਂ ਨੇ ਪੁਤਲੀਆਂ ਬੀ ਮਾਂ ਵਾਂਗੂੰ,
ਟੱਬ ਵਿਚੋਂ ਨਿਕਲਕੇ ਤੇ ਰਿੜ੍ਹੇ ਜਾਂਦੇ ਬਾਲ ਹੰਜੂ।
ਪੱਥਰਾਂ ਜੇਹੇ ਮਨ ਜਿਦੋਂ ਰੋਏ ਬੈਠੇ ਮਨ ਉੱਤੇ,
ਤੁਰੇ ਜਦੋਂ ਬੈਠਕੇ ਗਡੀਆਂ ਵਾਂਗ ਪਾਲ ਹੰਜੂ।
ਕੌਡੀਆਂ ਬਰੀਕ ਦੀਆਂ ਪੈਣ ਇਹ ਕਬੂਲ ਸ਼ਾਹਾ,
ਬਣਾਂ ਮੈਂ ਕਾਹਨੂੰ ਕਰਾਂ ਨੂੰ ਜੋੜ ਜੋੜ ਮਾਲ ਹੰਜੂ।
ਉੱਚਿਆਂ ਖ਼ਿਆਲਾਂ ਵਾਲਾ ਸ਼ਾਹ ਵੇਖ ਕੇ ਲਿਆ।
ਅੰਬਰਾਂ ਦੇ ਉੱਤੇ ਬੀ ਲਿਆਏ ਨੇ ਉਛਾਲ ਹੰਜੂ।
ਰੁੱਠਾ ਹੋਯਾ ਜਾਨੀ ਮੇਰਾ ਝੱਟ ਪੱਟ ਮੰਨ ਪਿਆ,
ਜੇਹੜੀਆਂ ਦੇ ਪੁੱਤ ਜਦੋਂ ਬਣ ਗਏ ਦਲਾਲ ਹੰਜੂ।
ਮੋਤੀ ਦਿੱਤੇ ਯਾਰ ਨੂੰ ਮੈਂ ਮੁੱਖੜਾ ਵਖਾਲਣੀ ਦੇ,
ਵੇਖ ਲਿਆ ਮੂੰਹ ਉਹਦਾ, ਓਸਨੂੰ ਵਿਖਾਲ ਹੰਜੂ।
ਚੂੜੀਆਂ ਦੀ ਛਿੱਕ ਵਿੱਚ ਗੋਲੀਆਂ ਦੇ ਵਾਂਗ ਵੱਜੇ,
ਪੂੰਝੇ ਜਦੋਂ ਓਸਨੇ ਦੁਪੱਟੜੇ ਦੇ ਨਾਲ ਹੰਜੂ।
ਮੇਰੇ ਸੱਚੇ ਜੇਰਵੇ ਨੇ ਕਰ ਦਿੱਤੇ ਢੇਰਵੇ ਏਹ,
ਲੱਗ ਪਿਆ ਰੋਵਨ ਓਹ ਭੀ ਹੋਇਕੇ ਨਿਢਾਲ ਹੰਜੂ।
ਮਾਘ ਦੇ ਮਹੀਨੇ ਮੇਰੇ ਸੀਨੇ ਦੀ ਖਿਆਰੀ ਸੜੀ,
ਗੜੇ ਵਾਂਗ ਡੇਗੇ ਓਹਦੇ ਦੀਦਿਆਂ ਕਮਾਲ ਹੰਜੂ।
ਨਰਗਸੀ ਖਿਆਰੀ ਵਿਚੋਂ ਮਾਰਕੇ ਉਡਾਰੀ ਚੱਲੇ,
ਚੰਦ ਜੇਸੇ ਮੁੱਖ ਤੇ ਚਕੋਰ ਵਾਲੀ ਚਾਲ ਹੰਜੂ।
ਹਰਨਾਂ ਦਿਆਂ ਸਿੰਗਾਂ ਉੱਤੇ ਕੋਸ ਦੀਆਂ ਚਿੱਠੀਆਂ ਨੇ,
ਪਲਕਾਂ ਉੱਤੇ ਪਾਗਲਾਂ ਨੇ ਕੀਤੇ ਏਹ ਖ਼ਿਆਲ ਹੰਜੂ।
ਵੇਖਕੇ ਕਲੇਜੂ ਓਹਦੇ ਉੱਤੋਂ ਤੇ ਮੈਂ ਹੱਸ ਪਿਆ,
ਉੱਜ ਮੇਰਾ ਦਿਲ ਵਿਚੋਂ ਲੈ ਗਏ ਉਧਾਲ ਹੰਜੂ।

ਫੜਕੇ ਬਹਾਯਾ ਬਾਹੋਂ, ਰੋਂਦੇ ਨੂੰ ਹਸਾਯਾ ਨਾਲੇ,
ਗੱਲ੍ਹਾਂ ਉੱਤੋਂ ਪੂੰਝ ਦਿੱਤੇ ਚਿੱਟੇ ਚਿੱਟੇ ਖ਼ਾਲ ਹੰਜੂ ।
ਧੁੱਪ ਜਯੋਂ ਉਡਾਵੇ ਮੋਤੀ, ਫੁੱਲ ਦੀਆਂ ਜੇਬਾਂ ਵਿੱਚੋਂ
ਚੱਕ ਲਏ ਅਡੋਲ਼ ਓਵੇਂ ਰੇਸ਼ਮੀ ਰੁਮਾਲ ਹੰਜੂ ।
ਆਖੀ ਓਹਨੂੰ ਗੱਲ ਕੋਈ, ਮਿਲਜਾ ਏਹ ਜਵਾਬ ਜੋਹਦਾ:-
'ਤੇਨੂੰ ਤੇ ਮੇਂ ਅੱਖੀਆਂ ਦਾ ਹੰਵਾਂ ਨਾਂ ਦਵਾਲ ਹੰਜੂ।
ਅੱਖਾਂ ਵਿਚੋਂ ਵੱਲ ਪੈ ਉਦਾਸ ਤੇ ਨਿਰਾਸ ਹੋਕੇ,
ਠੋਡੀ ਵਾਲੇ ਡੂੰਘ ਆਕੇ ਮਾਰ ਗਏ ਛਾਲ ਹੰਜੂ।
ਹੁਸਨ ਦਾ ਸਮੁੰਦਰ ਦੇਖੋ ਦਿਲ ਮੇਰਾ ਲੈ ਗਿਆ ਓਹ,
ਖੂਹਾਂ ਤੇ ਤਲਾਵਾਂ ਵਿਚ ਪਾਉਂਦੇ ਫਿਰਨ ਜਾਲ ਹੰਜੂ ।
ਰਮਲੀਏ ਵਾਂਗ ਪਏ ਕਮਲੇ ਤੇ ਰਮਲੇ ਏ,
ਕੇਡਾ ਜਫਰ ਜਾਲ ਜਾਲ ਕੱਢਦੇ ਨੇ ਫ਼ਾਲ ਹੰਜੂ ।
ਬੁਲਬੁਲੇ ਦੇ ਕੋਲੋਂ ਉਂਜ ਸੋਹਲ ਮੈਨੂੰ ਜਾਣਦੇ ਨੇ,
ਫੇਰ ਬੀ ਏਹ ਟੁਟਦੇ ਨੇ ਝੱਲਦੇ ਨਹੀਂ ਝਾਲ ਹੰਜੂ।
ਝੱਟ ਪੱਟ ਫਿੱਸ ਪੈਂਦੇ, ਗਲ ਬੀ ਨ ਸਹਿ ਸਕਣ,
ਤਬਾਂ ਦੇ ਮਲੂਕ ਐਡੇ, ਉਂਜ ਏ ਕੰਗਾਲ ਹੰਜੂ ।
ਰਹਿਮਤਾਂ ਦੇ ਛਿੱਟਿਆਂ ਚੋਂ ਇਕੋ ਛਿੱਟ ਦੇ ਦੇ ਸਾਨੂੰ,
ਤੇਰੇ ਅਗੇ ਮਾਲਕਾ ! ਏਹ ਪਾਉਂਦੇ ਸਵਾਲ ਹੰਜੂ ।
ਛੁੱਟ ਪਈ ਤਰੇਲੀ ਜਦੋਂ ਪਿੰਡੇ ਉਤੇ ਜਾਣਿਆ ਮੈਂ,
ਨਿਕੇ ਨਿਕੇ ਦੀਦਿਆਂ ਚੋਂ ਡੇਗਦੇ ਨੇ ਵਾਲ ਹੰਜੂ ।
'ਸ਼ਰਫ' ਬੜੀ ਝੜੀ ਲਾਈ ਰੱਬ ਦੀਆਂ ਰਹਿਮਤਾਂ ਨੇ,
ਧੋਣ ਲਗੇ ਕਾਲੇ ਕਾਲੇ ਨਾਮੇ ਦੇ ਆਮਾਲ ਹੰਜੂ ।

ਗਮ ਖਾਵੇ ਨਿੱਤ ਮੈਨੂੰ ਗਮਾਂ ਨੂੰ ਮੈਂ ਨਿੱਤ ਖਾਵਾਂ !

ਯਾਰ ਦੇ ਵਿਛੋੜੇ ਮੈਨੂੰ ਰੰਗ ਐਸਾ ਚਾੜ੍ਹਿਆ ਏ,
ਅੱਖਾਂ ਵਿਚੋਂ ਚਲਦੇ ਪੈ ਖੂਨ ਦੇ ਫੁਹਾਰੇ ਨੇ।
ਰੋਣ ਨਾਲ ਬੁੱਝਦੀ ਨਹੀਂ ਅੱਗ ਮੇਰੇ ਕਾਲਜੇ ਦੀ,
ਦੂਣੀ ਅਗ ਬਾਲਦੇ ਪੈ ਸਗੋਂ ਅੰਗਿਆਰੇ।
ਦਿਲ ਤੇ ਕਲੇਜਾ ਮੇਰਾ ਤੜਫਦਾ ਨਾਂ ਬਾਜ਼ ਆਵੇ.
ਸਾਂਭ ਸਾਂਭ ਹੱਥ ਮੇਰੇ ਥੱਕ ਗੇ ਵਿਚਾਰੇ ਨੇ।
ਬਾਗ ਮੇਰੇ ਦਾਗ ਵਾਲਾ ਇੱਕੋ ਅਜੇ ਵੇਖਿਆ ਸੀ,
ਫੀਤੀ ਫੀਤੀ ਕਰ ਲੀਤਾ ਕਾਲਜਾ ਹਜ਼ਾਰੇ ਨੇ।
ਯਾਰ ਪਏ ਤੱਕਦੇ, ਪਛਾਣ ਮੈਨੂੰ ਸਕਦੇ ਨਹੀਂ,
ਹੁਲੀਆ ਈ ਵਿਗਾੜ ਦਿਤਾ ਅੱਲਾ ਦੇ ਸਵਾਰੇ ਨੇ।
ਪਥਰ ਦੇ ਸੀਨੇ ਵਿਚ ਅੱਗ ਏਹਨੇ ਬਾਲ ਦਿਤੀ,
ਰੀਸ ਮੇਰੇ ਦਿਲ ਦੀ ਕੀ ਕਰਨੀ ਹੈ ਪਾਰ ਨੇ ?
ਦੀਦਿਆਂ, ਨਦੀਦਿਆਂ ਦੀ ਗੱਲ ਕੀ ਮੈਂ ਖੋਲ੍ਹ ਦਸਾਂ ?
ਵੈਣਾਂ ਵਾਲੇ ਵਹਿਣ ਵਿਚ ਬੜੇ ਏਹ ਨਿਘਾਰੇ ਨੇ।
ਪੀਂਘ ਮੇਰੀ ਰੇਸ਼ਮੀ ਸੀ ਯਾਰ ਦੇ ਪਿਆਰ ਵਾਲੀ,
ਤੋੜ ਦਿਤੀ ਆਣਕੇ ਵਿਛੋੜੇ ਦੇ ਹੁਲਾਰੇ ਨੇ।
ਗਮ ਖਾਵੇ ਨਿੱਤ ਮੈਨੂੰ; ਗਮਾਂ ਨੂੰ ਮੈਂ ਨਿਤ ਖਾਵਾਂ,
ਖੁੱਲ ਡੁੱਲ੍ਹੇ ਲੰਘਦੇ ਪੈ ਦੋਹਾਂ ਦੇ ਗੁਜ਼ਾਰੇ ਨੇ।

ਭਵਾਂ ਦੀ ਕਮਾਨ ਵਿਚ ਤੀਰ ਰਖ ਜ਼ਿਮਣਾਂ ਦਾ,
ਖਿਚਕੇ ਨਿਸ਼ਾਨੇ ਮੇਰੀ ਹਿੱਕ ਵਿਚ ਮਾਰੇ ਨੇ।

ਕੇੜ੍ਹੇ ਕੇੜ੍ਹੇ ਫੱਟਾਂ ਉੱਤੇ ਪੱਟੀਆਂ ਮੈਂ ਹਾਇ ਬੰਨ੍ਹਾਂ,
ਵਿੰਨ੍ਹ ਦਿਤਾ ਲੂੰ ਲੂੰ ਓਸਦੇ ਨਜ਼ਾਰੇ ਨੇ।
ਸਾਂਭ ਸਾਂਭ ਰਖੀਆਂ ਨਿਸ਼ਾਨੀਆਂ ਏਹ ਯਾਰ ਦੀਆਂ,
ਦਾਗ ਮੈਨੂੰ ਦਿਲ ਵਾਲੇ ਜਾਨ ਤੋਂ ਪਿਆਰੇ ਨੇ।

ਦੁਨੀਆਂ ਦੇ ਬਾਗ਼ ਵਿਚ ਲੁੱਟੀ ਨਾਂ ਬਹਾਰ ਕੋਈ,
ਜੜ੍ਹ ਮੇਰੀ ਪੁੱਟ ਦਿਤੀ ਏਸ ਜੜ੍ਹ ਮਾਰੇ ਨੇ।
ਕਦੋਂ ਤੀਕ ਹੰਜੂਆਂ ਦੇ ਘੁੱਟ ਯਾਰੋ ਮੈਂ ਪੀਆਂ,
ਹੱਡ ਮੇਰੇ ਖੋਰ ਦਿੱਤੇ ਏਸ ਪਾਣੀ ਖਾਰੇ ਨੇ।

ਜਦੋਂ ਮੈਨੂੰ ਜਾਣ ਲੱਗੇ ਸੱਜਣਾਂ ਨੇ ਛੋਡ ਦਿੱਤੀ,
ਐਸ਼ ਤੇ ਆਰਾਮ ਮੇਰੇ ਓਦੋਂ ਦੇ ਸਿਧਾਰੇ ਨੇ।
ਚੀਰ ਦਿਤਾ ਦਿਲ ਮੇਰਾ ਤਾਨਿਆਂ ਤੇ ਮੇਹਣਿਆਂ ਨੇ
ਰੋਜ਼ ਮੇਰੇ ਸੀਨੇ ਉੱਤੇ ਚੱਲਦੇ ਪੈ ਆਰੇ ਨੇ।

ਸੱਜਣ ਮੈਨੂੰ ਅਜ ਕਲ ਕੋਈ ਬੀ ਨਾਂ ਦਿੱਸਦਾ ਹੈ,
ਵੈਰੀ ਮੇਰੇ ਜੱਗ ਉੱਤੇ ਹੋਏ ਹੋਏ ਸਾਰੇ ਨੇ।
ਰੋਂਦਾ ਹੋਯਾ ਰਾਤ ਨੂੰ ਮੈਂ ਅੰਬਰਾਂ ਦੇ ਵਲ ਦੇਖਾ,
ਕੱਢ ਕੱਢ ਅੱਖੀਆਂ ਪੈ ਘੂਰਦੇ ਸਤਾਰੇ ਨੇ।

ਭਰਮ ਭਾ ਆਪਣਾ ਕੀ ਖੋਲਕੇ ਮੈਂ ਦਸ ਦੇਵਾਂ?
ਗਲੀਆਂ ਦੇ ਕੱਖ ਬੀ ਤੇ ਮੇਰੇ ਕੋਲੋਂ ਭਾਰੇ ਨੇ।
ਕਾਸਦਾਂ ਕਬੂਤਰਾਂ ਦੀ ਵਾਹ ਓਥੇ ਚੱਲਦੀ ਨਾਂ,
ਵੈਰੀਆਂ ਦੇ ਪਹਿਰਿਆਂ ਦੇ ਜਾਲ ਜੇਹੇ ਖਿਲਾਰੇ ਨੇ।

'ਸ਼ਰਫ਼' ਹਸ ਦੇਂਦਾ ਦੀ ਪਰੀਤ ਸਾਡੀ ਜੱਗ ਜਾਣੇ,
ਐਵੇਂ ਸਾਡੇ ਮਗਰ ਪਏ ਲੋਕ ਹੈਂਸਿਆਰੇ ਨੇ।

ਕਾਹਨੂੰ ਨਹੁੰ ਲੁਹਾਉਂਨਾ ਏਂ ਗ਼ੈਰ ਕੋਲੋਂ?

ਜ਼ਖਮੀ ਲੇਲੇ ਦੇ ਵਾਂਗ ਮੈਂ ਦਿਆਂ ਲਿੱਲਾਂ,
ਐਸੀ ਲਾਈ ਹੈ ਮੈਨੂੰ ਤੂੰ ਲਿੱਲ ਜਾਨੀ।
ਛਾਲੇ ਪਾ ਦਿੱਤੇ ਮੇਰੇ ਦਿਲ ਉੱਤੇ,
ਜ਼ੁਲਫ਼ਾਂ ਤੇਰੀਆਂ ਨੇ ਹਿੱਲ ਹਿੱਲ ਜਾਨੀ।

ਲਾ ਦਿੱਤੀ ਬਹਾਰ ਜਿਹੀ ਛਾਲਿਆਂ ਨੇ,
ਬਣਿਆਂ ਗੁੱਛਾ ਅੰਗੂਰਾਂ ਦਾ ਵਿੱਲ ਜਾਨੀ।
ਪੱਕ ਪੱਕ ਕੇ ਐਸਾ ਹੁਣ ਰੱਸਿਆ ਏ,
ਪਿਆ ਕਰੇ ਹਰ ਦਮ ਪਿੱਲ ਪਿੱਲ ਜਾਨੀ।

ਪਾ ਸਬਜ਼ਾ ਜ਼ਮੁੱਰਦ ਦਾ ਨੱਥਲੀ ਨੂੰ,
ਲਾ ਦਿੱਤੀ ਉ੍ਹ ਸਰੂ ਨੂੰ ਲਿੱਲੂ ਜਾਨੀ।
ਕਾਹਨੂੰ ਨਹੁੰ ਲੁਹਾਉਂਨਾ ਏਂ ਗ਼ੈਰ ਕੋਲੋਂ?
ਮੇਰੇ ਅੱਲੇ ਖਰੀਂਦ ਨਾਂ ਛਿੱਲ ਜਾਨੀ।

ਜੋਬਨ ਲੁੱਟਣਾ ਚਾਹੁੰਦੇ ਬੜੇ ਡਾਕੂ,
ਸਾਂਭ ਰੱਖ ਰਸਾਇਣ ਨੂੰ ਬਿੱਲ ਜਾਨੀ।

੧੫੯;

ਲਾਈ ਤੇਰੇ ਪ੍ਰੇਮ ਨੇ ਚੋਟ ਐਸੀ,
ਚੋਰ ਹੋ ਗਈ ਏ ਸਬਰ ਦੀ ਸਿੱਲ੍ਹ ਜਾਨੀ।

ਪਿਆ ਧੁੱਪ ਕਿਆਮਤ ਦੀ ਢੂੰਢਦਾ ਹਾਂ,
ਰੋ ਰੋ ਅੱਖੀਆਂ ਨੇ ਕੀਤੀ ਸਿੱਲ ਜਾਨੀ।
ਐਸਾ ਤੇਰੀ ਜੁਦਾਈ ਨੇ ਭੁੰਨ ਦਿੱਤਾ,
ਜਿੱਦਾਂ ਹੁੰਦੀ ਸੁਹਾਗੇ ਦੀ ਖਿੱਲ ਜਾਨੀ।

ਮੈਂ ਅਣਤਾਰੂ ਤੇ ਇਸ਼ਕ ਦੀ ਨੈਂ ਡੋਬੂ,
ਤੇਰੇ ਆਸਰੇ ਪਿਆ ਸਾਂ ਠਿੱਲ੍ਹ ਜਾਨੀ।
ਸਗੋਂ ਤੂੰ ਭੀ ਰੁਆ ਰੁਆ ਕੇ ਤੇ,
ਮੇਰੀ ਅਗਲੀ ਸੁਕਾਈ ਊ ਗਿੱਲ ਜਾਨੀ?

ਵੇਖੀਂ ਕੌਨ ਚਰੌਣੋਂ ਵੀ ਨਹੀਂ ਟੱਲਣਾ,
ਟਿੱਲੇ ਤੀਕ ਮੈਂ ਲਾਵਾਂਗਾ ਟਿੱਲ ਜਾਨੀ।
ਸਾਰਾ ਹਾਲ ਹਵਾਲ ਜੇ ਪੁੱਛਣਾ ਈਂ,
ਕਿਧਰੇ ਵੱਖਰਾ 'ਸ਼ਰਫ਼' ਨੂੰ ਮਿੱਲ ਜਾਨੀ।

❋

ਸਾਡਾ ਜੀ ਨਹੀਂ ਲੱਗਦਾ ਕੱਲਿਆਂ ਦਾ

ੴ

ਮੱਛੀ ਵੇਚੀ ਹੋਈ ਸੀ ਕਿਤੇ ਡੱਡੀਆਂ ਨੇ,
ਕਿਧਰੇ ਅੰਬਰਾਂ ਤੇ ਬੱਦਲ ਗੱਜਦਾ ਸੀ।
ਕਿਧਰੇ ਬਿਜਲੀ ਪਈ ਨੈਣ ਵਿਖਾਂਵਦੀ ਸੀ,
ਕਿਧਰੇ ਪਿਆ ਸੂਰਜ ਮੂੰਹ ਕੱਜਦਾ ਸੀ।

ਘਟਾਂ ਕਾਲੀਆਂ ਕਾਲੀਆਂ ਵਿਚ ਬਗਲਾ,
ਬੱਗਾ ਜੇਹਾ ਕੁਝ ਉੱਜਦਾ ਸੱਜਦਾ ਸੀ।
ਪੀਆ ! ਪੀਆ! ਪਪੀਹੇ ਦਾ ਕੂਕਣਾ ਉਹ,
ਆਕੇ ਤੀਰ ਉੱਤੇ ਤੀਰ ਵੱਜਦਾ ਸੀ।

ਕਹਿਣਾ ਕਿਸੇ ਨੇ ਪਕੜਕੇ ਬਾਂਹ ਮੇਰੀ,
ਮਿਨਤਾਂ ਸਾਡੀਆਂ ਵਲ ਧਿਆਨ ਦੇਣਾ।
ਆ ਗਈ ਰੁਤ ਸੁਹਾਵਣੀ ਝੜੀ ਲਗੀ,
ਅਜ ਮੈਂ ਘਰੋਂ ਸੁਹਾਗ ਨਹੀਂ ਜਾਣ ਦੇਣਾ।

ਬੱਦਲ ਟਿੱਲਿਓਂ ਸੂਕਦਾ ਆਣ ਪਹੁੰਚਾ,
ਬੁੱਲੇ ਸੁਰਗ ਦੇ ਆਣਕੇ ਝੁੱਲ ਗਏ ਨੇ।
ਜੇਹੜੇ ਦਿਲ ਸਨ ਗ਼ਮਾਂ ਝਲੂਹ ਦਿਤੇ,
ਉਹਵੀ ਕਲੀਆਂ ਦੇ ਵਾਂਗ ਅਜ ਫੁਲ ਗਏ ਨੇ।

ਸਾਵਣ ਮਾਂਹ ਨੇ ਰੰਗ ਜਮਾ ਲਿਆ ਏ,
ਚਹੁੰਆਂ ਪਾਸਿਆਂ ਤੇ ਬੱਦਲ ਘੁੱਲ ਗਏ ਨੇ।
ਬੱਦਲ ਘੁੱਲ ਗਏ ਨੇ ਕਿ ਇਹ ਪੇਚ ਪੀਚੇ,
ਬਰਖਾ ਰਾਣੀ ਦੇ ਕੇਸਾਂ ਦੇ ਘੁੱਲ ਗਏ ਨੇ।

ਕਹਿਣਾ ਕਿਸੇ ਨੇ ਉਂਗਲੀ ਖੜੀ ਕਰਕੇ,
ਵੇਖੋ ! ਮੀਂਹ ਕਿਸ ਸ਼ਾਨ ਦਾ ਵੱਸਦਾ ਏ।
ਐਸੀ ਰੁੱਤ ਸੁਹਾਵਣੀ ਵਿਚ ਦੱਸੋ ?
ਪਿਆਰਾ, ਪਿਆਰੀ ਨੂੰ ਛਡ ਕੇਦੀ ਨਸਦਾ ਏ,

ਮੇਰੀ ਆਗਿਆ ਤੇ ਕਿਸੇ ਚੁਪ ਰਹਿਣਾ,
ਕਿਸੇ ਰੋਵਣਾ ਮੇਰਿਆਂ ਹਾਸਿਆਂ ਤੇ।
ਅਥੱਰ ਪੂਣੇ ਦੀ ਕਿਸੇ ਰਿਹਾੜ ਕਰਨੀ,
ਹੱਥ ਛਿੜਕਣੇ ਮੇਰੇ ਦਿਲਾਸਿਆਂ ਤੇ।

ਲਿਵੇ ਸਾਜੀਆਂ ਮੇਰੀਆਂ ਵੇਖ਼ ਕੇ ਤੇ,
ਮੂੰਹ ਕਿਸੇ ਨੇ ਮੋੜਨਾ ਪਾਸਿਆਂ ਤੇ।
'ਆਹੋ ਜੀ !' ਕਿਸੇ ਕਹਿਕੇ ਰੁੱਸ ਜਾਣਾ,
ਧਰਨਾ ਚਿਤ ਨਾਂ ਮੇਰੇ ਭਰਵਾਸਿਆਂ ਤੇ।

ਡੁਸਕ ਡੁਸਕ ਕੇ ਕਿਸੇ ਨੇ ਆਖਣਾ ਇਹ,
ਧੋਖਾ ਹੋਰਨਾਂ ਨੂੰ ਦਿਓ ਛੱਲਿਆਂ ਦਾ।
ਸਾਨੂੰ ਆਪਣੇ ਨਾਲ ਹੀ ਲੈ ਚੱਲੋ,
ਸਾਡਾ ਜੀ ਨਹੀਂ ਲੱਗਦਾ ਕੱਲਿਆਂ ਦਾ।

ਕਿਧਰੇ ਪਿਆਰ ਪਰੇਮ ਦੀ ਲੋਰ ਅੰਦਰ,
ਓਹਦਾ ਰੁੱਜਣਾ ਮੇਰਾ ਮਨਾਵਣਾ ਓਹ।
ਉੱਡ ਉੱਡ ਕੇ ਕਿਤੇ ਸਲਾਰਿਆਂ ਨੇ,
ਸੋਹਣਾ ਗੀਤ ਬਹਾਰ ਦਾ ਗਾਵਣਾ ਓਹ।

ਵਗਣੀ ਵਾ ਤੇ ਪਿੱਪਲ ਦੇ ਪੱਤਿਆਂ ਦਾ,
ਰਲਕੇ ਖ਼ੁਸ਼ੀ ਅੰਦਰ ਗਿੱਧਾ ਪਾਵਣਾ ਓਹ।
ਓਧਰ ਮੋਰ ਨੇ ਆਪਣੀ ਮੋਰਨੀ ਨੂੰ,
ਪੈਲਾਂ ਪਾ ਪਾ ਨਾਚ ਵਿਖਾਉਣਾ ਓਹ।

ਇੱਧਰ ਵੇਖਕੇ ਕਿਸੇ ਨੇ ਆਖਣਾ ਏਹ,
ਰੱਬਾ! ਗੱਲ ਨਾਂ ਸਾਡੀ ਕੁਥਾਰ ਜਾਵੇ।
ਸਾਡੇ ਮੋਯਾਂ ਦਾ ਮੂੰਹ ਓਹ ਫੇਰ ਵੇਖੇ,
ਜੇਹੜਾ ਅੱਜ ਜੁਦਾਈ ਵਿਚ ਮਾਰ ਜਾਵੇ।

ਹਾਇ! ਹਾਇ! ਵੇਲਾ ਮੇਰੇ ਟੁਰਣ ਵਾਲਾ,
ਜਿਵੇਂ ਜਿਵੇਂ ਆ ਕੇ ਨੇੜੇ ਢੁਕਦਾ ਓਹ।
ਤਿਓਂ ਤਿਓਂ ਕਿਸੇ ਨੇ ਵਿਚ ਉਦਰੇਵਿਆਂ ਦੇ,
ਰੋਣਾ, ਤੜਫਣਾ, ਲੁੜਛਣਾ, ਮੁਕਦਾ ਓਹ।

ਪੈਣੇ ਕਿਸੇ ਨੂੰ ਤਿਰੌਂ ਤਿਓ ਡੋਬ ਘਾਟਾਂ,
ਜਿਓਂ ਜਿਓ ਘਟਾਂ ਨੇ ਵਰ੍ਹਨਾ ਤੇ ਝੁਕਣਾ ਓਹ।
ਪਾਣੀਨਾਲ ਭਰਨੇ ਜਿਓਂ ਜਿਓਂ ਟੋਏ ਖਾਈਆਂ,
ਤਿਓਂ ਤਿਓਂ ਕਿਸੇ ਨੇ ਸਹਿਮਕੇ ਸੁਕਣਾ ਓਹ।

ਝੋਲੀ ਅੱਡਕੇ ਕਿਸੇ ਨੇ ਆਖਣਾ ਇਹ,
ਹੁਣ ਤਾਂ ਗੱਲ ਹੈ ਇਹੋ ਈ ਕਹਿਣ ਜੋਗੀ।
ਰੱਬਾਂ ! ਏਸ ਵਿਛੋੜੇ ਤੋਂ ਮੌਤ ਚੰਗੀ,
ਔਡੇ ਦੁੱਖ ਨਹੀਂ ਜਿੰਦੜੀ ਸਹਿਣ ਜੋਗੀ।

ਵੇਖ, ਵੇਖਕੇ ਮੇਰੀਆਂ ਛਾਤੀਆਂ ਨੂੰ,
ਕਿਸੇ ਘੜੀ ਤੋਂ ਛੜੀ ਲੁਕਾ ਦੇਣੀ।
ਓਧਰ ਦਿਨ ਹੋਰਾਂ ਨ੍ਹਾ ਕੇ ਮੀਂਹ ਅੰਦਰ,
ਧੋਤੀ ਸ਼ਾਮ ਨਚੋੜ ਕੇ ਪਾ ਦੇਣੀ।

ਏਧਰ ਰੈਣ ਨੇ ਨਿੱਤਰੇ ਅੰਬਰਾਂ ਤੇ,
ਚੁਣਕੇ ਚੰਬੇ ਦੀ ਸੇਜ ਵਿਛਾ ਦੇਣੀ।
ਏਧਰ ਤੈਤਰੀ ਮੈਤਰੀ ਬੱਦਲੀ ਚੋਂ,
ਨਿਕਲ ਤਾਰਿਆਂ ਨੇ ਝਿਲਮਿਲ ਲਾ ਦੇਣੀ।

ਹਾਉਕੇ ਲੈਂਦਿਆਂ ਕਿਸੇ ਨੇ ਆਖਣਾ ਇਹ,
ਸਾਨੂੰ ਆਂਹਦੀ ਕੀ ਚੰਦ ਦੀ ਚਾਨਣੀ ਏਂ ?
ਓਹਲੇ-ਆਸਰੇ ਬੂਹੇ ਦੇ ਅਸਾਂ ਰੋਣਾ,
ਭਾਗਾਂ ਵਾਲਿਆਂ ਨੇ ਮੌਜ ਮਾਨਣੀ ਏਂ।

ਕਰ ਕਰ ਜਸ਼ਨਮਹਿਤਾਬੀ ਦੀ ਖੁਸ਼ੀ ਏਧਰ,
ਗੌਂਣਾ ਬੀਂਡਿਆਂ ਨੇ ਇਕੋ ਤਾਰ ਅੰਦਰ।
ਉੱਡ ਉੱਡਕੇ ਓਧਰ ਟਟਹਿਣਿਆਂ ਨੇ,
ਬਾਲ ਦੇਣੀ ਦੀਵਾਲੀ ਸੰਸਾਰ ਅੰਦਰ।

 ੧੯੬੪.

ਅੱਖਾਂ ਸਾਮ੍ਹਣੇ ਰਿਸ਼ਮਾਂ ਨੇ ਇਂਜ ਫਿਰਨਾ,
ਚੂਨੇ ਗਚ ਪੁਰਾਣੇ ਪਸਾਰ ਅੰਦਰ।
ਲਾਇਆ ਹੋਇਆ ਏ ਪਰੀਆਂ ਨੇ ਨਾਚ ਜਿੱਦਾ,
ਰਾਜੇ ਇੰਦਰ ਦੇ ਖਾਸ ਦਰਬਾਰ ਅੰਦਰ।

ਕਹਿਣਾ ਕਿਸੇ ਨੇ ਜੋੜਕੇ ਹੱਥ ਦੋਵੇਂ,
ਅਜ ਤੇ ਰਬ ਦੇ ਵਾਸਤੇ ਰਹਿ ਜਾਣਾ।
ਸਾਡਾ ਅਜੇ ਨਹੀ ਲਥਦਾ ਚਾ ਮਾਹੀਆ,
ਸਾਡੇ ਕੋਲ ਅਜ ਰੱਜਕੇ ਬਹਿ ਜਾਣਾ।

ਮਹਿੰਦੀ ਰੰਗਲੇ ਕਿਸੇ ਦੇ ਹੱਥ ਵਿਚੋਂ,
ਪਲਾ ਤਰਲਿਆਂ ਨਾਲ ਛੁਡਾਵਣਾ ਮੈਂ।
ਖ਼ਾਨ ਹੁਸਨ ਜਵਾਨੀ ਦੀ ਭਰੀ ਹੋਈ ਨੂੰ,
ਹਾਵੇ ਹੇਰਵੇ ਵਿਚ ਰੁਲਾਵਣਾ ਮੈਂ।

ਚੜ੍ਹਕੇ ਕਿਸੇ ਨੇ ਵੇਖਣਾ ਕੋਠਿਆਂ ਤੋਂ,
ਪਰਤ ਪਰਤਕੇ ਵੇਂਹਦਿਆਂ ਜਾਵਣਾ ਮੈਂ।
ਅਗੋਂ ਜਾਂਦਿਆਂ ਰੇਲ ਨੇ ਚਲੇ ਜਾਣਾ,
ਅਧੀ ਰਾਤ ਮੁੜਕੇ ਘਰ ਨੂੰ ਆਵਣਾ ਮੈਂ।

ਹੰਜੂ ਪੂੰਜਕੇ ਹੱਸਦੇ ਕਿਸੇ ਕਹਿਣਾ,
ਕਿਉਂਜੀ ਡਿਠਾ ਜੇ ਮੋੜਲਿਆਉਣਵਾਲਾ?
'ਸ਼ਰਫ਼' ਤੁਸੀਂ ਤੇ ਰੋਂਦਿਆਂ ਛਡ ਗਏ ਸਓ,
ਸਾਡਾ ਰਬ ਸੀ ਸਾਨੂੰ ਹਸਾਉਣ ਵਾਲਾ।'

* *
*

ਰੁਖ਼ਸਤੀ ਸੁਨੇਹਾ!

ਦੌਲਤ ਮਾਲ ਦੀ ਹਿਰਸ ਨਾਂ ਕਰੀਂ ਐਡੀ,
ਐਥੋਂ ਚੱਲਣਾ ਈ ਇੱਕ ਦਿਨ ਯਾਰ ਖ਼ਾਲੀ।
ਹਿਰਸ, ਹਵਸ ਤੇ ਤਮਾਂ ਦੇ ਹਰਫ਼ ਦੇਖੀਂ,
ਬਿਨਾਂ ਨੁਕਤਿਓਂ ਕਰਨ ਤਕਰਾਰ ਖ਼ਾਲੀ।

ਮੈਂ, ਤੂੰ ਤੇ ਕੁਝ ਭੀ ਚੀਜ਼ ਨਾਹੀਂ,
ਵੱਡੇ ਵੱਡੇ ਗਏ ਤਾਜਦਾਰ ਖ਼ਾਲੀ।
ਜਿਸ ਦਿਨ ਮੋਯਾ ਸਕੰਦਰ ਸੀ ਕਫ਼ਨ ਵਿਚੋਂ,
ਦੋਵੇਂ ਹੱਥ ਹੈਸਨ ਬਾਹਰ ਵਾਰ ਖ਼ਾਲੀ।

ਮਤਲਬ ਇਹ ਕਿ ਆਯਾ ਸਾਂ ਹੱਥ ਖ਼ਾਲੀ,
ਹੁਣ ਭੀ ਚੱਲਿਆਂ ਹਾਂ ਆਖਰਕਾਰ ਖ਼ਾਲੀ।
ਦੋ ਗਜ਼ ਕਫ਼ਨ ਹੈ ਸਿਰਫ਼ ਨਸੀਬ ਹੋਯਾ,
ਓਹ ਭੀ ਦੇਖ ਲਵੋ ਪੱਲੇ ਚਾਰ ਖ਼ਾਲੀ

ਏਸ *ਦੰਮ ਨ ਕਈਆਂ ਨੂੰ ਦਮ ਕੀਤਾ,
ਏਸ ਦੰਮ ਤੇ ਦਮ ਨਾਂ ਮਾਰ ਖ਼ਾਲੀ।
ਓਹਦੀ ਯਾਦ ਵਿਚ ਹੋ ਜਾ ਮਹਿਵ ਐਸਾ,
ਇਕ ਸਵਾਸ ਨਾਂ 'ਸ਼ਰਫ਼' ਗੁਜ਼ਾਰ ਖ਼ਾਲੀ।

—o—

*ਦੌਲਤ

ਤੋਤੇ ਚਸ਼ਮ

ਤੋਤੇ ਚਸ਼ਮ ਜਾਨੀ ਮੈਂ ਨ ਜਾਣਦਾ ਸਾਂ।
ਬਦਲ ਜਾਣਗੇ ਐਸੇ ਖਿਆਲ ਤੇਰੇ।
ਉਹ ਰੋਜ਼ ਨਹੀਂ ਯਾਦ ਹਰਜਾਈ ਤੈਨੂੰ,
ਹੈਸਨ ਵਾਂਗ ਫ਼ਕੀਰਾਂ ਦੇ ਹਾਲ ਤੇਰੇ।

ਤੈਨੂੰ ਮਾਂਗ ਵੀ ਕਢਨ ਦਾ ਵਲ ਨਹੀਂ ਸੀ,
ਖੁਲ੍ਹੇ ਰਹਿੰਦੇ ਸਨ ਮੁਖ ਦੇ ਵਾਲ ਤੇਰੇ।
ਹੈਸੀ ਚੰਨ ਨੂੰ ਗੋਯਾ ਗਰੇਹਣ ਲੱਗਾ,
ਰੁਖ ਭਰੇ ਸਨ ਮੈਲ ਦੇ ਨਾਲ ਤੇਰੇ।

ਝੂਠੀ ਮੂਠੀ ਵੀ ਕਦੇ ਪੁਸ਼ਾਕ ਸੁੱਚੀ,
ਜ਼ੇਬੇ ਤਨ ਨ ਵੇਖੀ ਸੀ ਲਾਲ ਤੇਰੇ।
ਤੈਨੂੰ ਗਲ ਵੀ ਕਰਨੀ ਨਾ ਆਉਂਦੀ ਸੀ,
ਵਿਗੜੇ ਹੋਏ ਸਨ ਬੋਲ ਤੇ ਚਾਲ ਤੇਰੇ।

ਸਾਰੇ ਨਾਲ ਮਖੌਲ ਉਡਾਉਂਦੇ ਸਨ,
ਹਮਨਸ਼ੀਨ ਇਹ ਪਰੀ ਜਮਾਲ ਤੇਰੇ।
ਹੈਸਨ ਵਿਚ ਹਨੇਰੇ ਦੇ ਪਏ ਹੋਏ,
ਫਾਹੁਣ ਵਾਲੇ ਇਹ ਜ਼ੁਲਫ਼ ਤੇ ਖ਼ਾਲ ਤੇਰੇ।

ਹੋਇਓਂ ਸਾਡੀ ਬਦੌਲਤ ਯਕਤਾ ਹੁਣ ਤੂੰ,
ਚਮਕ ਪਏ ਨੇ ਬਖਤ, ਇਕਬਾਲ ਤੇਰੇ।
ਇਹ ਤਾਸੀਰ ਏ ਰੰਗੀਨ ਆਮਲਾ ਦੀ,
ਹੋ ਗਏ ਕੁੰਡਲ ਵਾਲੇ ਅਜ ਵਾਲ ਤੇਰੇ।

ਗ਼ਾਜੇ ਯੂਸਫੀ ਹੁਸਨ ਅਫ਼ਜ਼ਾ ਮਲਮਲ,
ਰੁਖ ਬਦਰ ਹੋਏ ਅਬਰੂ ਹਲਾਲ ਤੇਰੇ।
ਓਹ ਗੁਲਬਦਨ ਬਿਨ ਅਤਲਸ ਕੈ ਖ਼ਾਬ ਆਵੇ,
ਮਖਮਲ ਪੈਰਾਂ ਵਿਚ ਹੋਵੇ ਪਾਮਾਲ ਤੇਰੇ।
ਸੁਬਹਾਨ ਅੱਲਾ ਨਿਜ਼ਾਕਤਾਂ ਇਹ ਹਰਦਮ,
ਰਹਿਨ ਰੇਸ਼ਮੀ ਹੱਥ ਰੁਮਾਲ ਤੇਰੇ।
ਹੋ ਗਏ ਵਿਡੀਆਂ ਵਿਚ ਫਕੀਰ ਭਾਵੇਂ,
ਪੂਰੇ ਕੀਤੇ ਪਰ ਸਾਰੇ ਪਲਾਲ ਤੇਰੇ
ਤੇਰੇ ਪਿਛੇ ਜ਼ਮਾਨੇ ਦੇ ਨਾਲ ਵਿਗੜੀ,
ਅਜ ਤਕ ਰਿਹਾਂ ਬੋਲ ਮੈਂ ਪਾਲ ਤੇਰੇ।
ਸਦ ਅਫਸੋਸ ਕਿ 'ਸ਼ਰਫ਼' ਹੁਣ ਗੈਰ ਹੋਇਆ,
ਬਣੇ ਯਾਰ ਅਜ ਨਵੇਂ ਚੰਡਾਲ ਤੇਰੇ।

*